## ਅਧਿਆਇ ਪੰਜਵਾਂ

# ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ

ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਬਹੁਤ ਹੀ ਸਤਿਕਾਰਿਆ ਤੇ ਪ੍ਰਵਾਨਿਆ ਗਿਆ ਕਹਾਣੀਕਾਰ ਹੈ। ਬਹੁਤ ਸਾਰੇ ਲੇਖਕ ਤੇ ਆਲੋਚਕ ਉਸਨੂੰ ਵੀਹਵੀਂ ਸਦੀ ਦਾ ਸਰਵਸ਼੍ਰੇਸ਼ਟ ਕਹਾਣੀਕਾਰ ਆਖ ਕੇ ਵਡਿਆਉਂਦੇ ਹਨ। ਇਨ੍ਹਾਂ ਵਿਚ ਉਸਦੇ ਪੂਰਵਕਾਲੀ, ਸਮਕਾਲੀ ਤੇ ਉਤਰਕਾਲੀ ਲੇਖਕ ਸ਼ਾਮਲ ਹਨ। 'ਪੰਜਾਬੀ ਨਾਵਲ ਦੀ ਸਿਖ਼ਰਲੀ ਹਸਤੀ ਗੁਰਦਿਆਲ ਸਿੰਘ ਲਈ ਉਹ 'ਮਹਾਨ ਕਹਾਣੀਕਾਰ' ਹੈ ; ਕਰਤਾਰ ਸਿੰਘ ਦੁੱਗਲ ਲਈ 'ਸਿਖ਼ਰ 'ਤੇ ਖਲੋਤਾ ਸ਼ਹਿਨਸ਼ਾਹ' ਤੇ ਅਜੀਤ ਕੌਰ ਲਈ 'ਪੰਜਾਬੀ ਕਹਾਣੀ ਦਾ ਵਾਰਸ', ਪ੍ਰੇਮ ਪ੍ਰਕਾਸ਼ ਮੁਤਾਬਕ ਜੇ ਕੋਈ ਪੰਜਾਬੀ ਕਹਾਣੀ ਦੀ ਪ੍ਰਾਪਤੀ ਹੈ ਤਾਂ ਉਹ ਹੈ ਕੁਲਵੰਤ ਸਿੰਘ ਵਿਰਕ। ਵਰਿਆਮ ਸਿੰਘ ਸੰਧੂ ਨੂੰ ਵਿਰਕ ਪੰਜਾਬੀ ਦਾ ਸ਼ਰੋਮਣੀ ਕਥਾਕਾਰ ਲਗਦਾ ਹੈ। ਡਾ. ਟੀ. ਆਰ. ਵਿਨੋਦ ਅਨੁਸਾਰ, ''ਵਿਰਕ ਵਰਗੀਆਂ ਕਹਾਣੀਆਂ ਤਾਂ ਪੰਜਾਬੀ ਵਿਚ ਬਹੁਤ ਹਨ, ਪਰ ਉਸ ਵਰਗਾ ਕਹਾਣੀਕਾਰ ਕੋਈ ਨਹੀਂ। ਉਹ ਆਪਣੀ ਮਿਸਾਲ ਆਪ ਹੈ। ਆਪਣੇ ਵੇਲਿਆਂ ਵਿਚ ਸੰਤ ਸਿੰਘ ਸੇਖੋਂ ਨੇ ਇਹ ਮੰਨਿਆ ਕਿ ਉਸ ਤੋਂ ਪਿੱਛੋਂ ਲਿਖਣਾ ਸ਼ੁਰੂ ਕਰਕੇ ਕੁਲਵੰਤ ਸਿੰਘ ਵਿਰਕ ਚੁਪਕੇ ਜਿਹੇ ਉਸਤੋਂ ਅੱਗੇ ਲੰਘ ਗਿਆ।''[1] ਇਸ ਤਰ੍ਹਾਂ ਦਾ ਸਨਮਾਨ ਕਿਸੇ ਵਿਰਲੇ ਲੇਖਕ ਨੂੰ ਹੀ ਪ੍ਰਾਪਤ ਹੁੰਦਾ ਹੈ ਕਿ ਉਸ ਨੂੰ ਸਾਰੇ ਸਮਿਆਂ ਦੇ ਲੇਖਕ ਇਕੋ ਜਿੰਨੇ ਆਦਰ ਨਾਲ ਯਾਦ ਕਰਨ।

ਪੰਜਾਬੀ ਸਾਹਿਤ ਵਿਚ ਆਮ ਤੌਰ 'ਤੇ ਇਹ ਧਾਰਨਾ ਪ੍ਰਚਲਿਤ ਰਹੀ ਹੈ ਕਿ ਵੱਡਾ ਲੇਖਕ ਬਣਨ ਲਈ ਕੋਈ ਵੱਡੀ ਰਚਨਾ ਲਿਖਣ ਦੀ ਜ਼ਰੂਰਤ ਹੁੰਦੀ ਹੈ। ਇਸਦਾ ਭਾਵ ਇਹ ਹੈ ਕਿ ਕੋਈ ਲੇਖਕ ਤਦ ਹੀ ਵੱਡਾ ਅਖਵਾ ਸਕਦਾ ਹੈ ਜੇ ਉਹ ਨਾਵਲ ਵਰਗੀ ਵੱਡ-ਅਕਾਰੀ ਰਚਨਾ ਰਚ ਸਕੇ।

ਨਿਰੋਲ ਕਹਾਣੀ ਰਚਨਾ ਦੇ ਸਿਰ 'ਤੇ ਕੋਈ ਵੱਡਾ ਲੇਖਕ ਨਹੀਂ ਬਣ ਸਕਦਾ। ਕੁਲਵੰਤ ਸਿੰਘ ਵਿਰਕ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ। ਇਹ ਕੁਲਵੰਤ ਸਿੰਘ ਵਿਰਕ ਹੀ ਸੀ ਜਿਸਨੇ ਛੋਟੀ ਕਹਾਣੀ ਤੋਂ ਇਲਾਵਾ ਹੋਰ ਕਿਸੇ ਵੀ ਵਿਧਾ 'ਤੇ ਹੱਥ ਨਹੀਂ ਅਜ਼ਮਾਇਆ ; ਸਗੋਂ ਉਸ ਨੇ ਛੋਟੀ ਕਹਾਣੀ ਨੂੰ ਹੀ ਵਸਤੂ ਤੇ ਪੇਸ਼ਕਾਰੀ ਦੇ ਸੰਤੁਲਿਤ ਸੰਯੋਗ ਰਾਹੀਂ ਇਸ ਕਲਾਤਮਕ ਬੁਲੰਦੀ 'ਤੇ ਪੁਚਾ ਦਿੱਤਾ ਕਿ ਉਸ ਨੂੰ ਛੋਟੀ ਕਹਾਣੀ ਦੇ ਵੱਡੇ ਲੇਖਕ ਵਜੋਂ ਯਾਦ ਕੀਤਾ ਜਾਣ ਲੱਗਾ।

ਕੁਲਵੰਤ ਸਿੰਘ ਵਿਰਕ ਦੀ ਇਸ ਵਡਿਆਈ ਦੇ ਸੱਚ ਨੂੰ ਜਾਨਣ-ਸਮਝਣ ਲਈ ਉਸਦੀ ਰਚਨਾ ਦਾ ਅਧਿਐਨ ਕਰਨਾ ਜ਼ਰੂਰੀ ਹੈ। ਵਿਰਕ ਨੇ ਅੱਠ ਕਹਾਣੀ-ਸੰਗ੍ਰਹਿ *ਛਾਹਵੇਲਾ* (1950), *ਧਰਤੀ ਤੇ ਅਕਾਸ਼* (1951), *ਤੂੜੀ ਦੀ ਪੰਡ* (1954), *ਏਕਸ ਕੇ ਹਮ ਬਾਰਕਿ* (1955), *ਦੁੱਧ ਦਾ ਛੱਪੜ* (1957), *ਗੋਲ੍ਹਾਂ* (1961), *ਨਵੇਂ ਲੋਕ* (1967) ਤੇ *ਅਸਤਬਾਜ਼ੀ* (1984) ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਵਿਰਕ ਦੀਆਂ ਸਮੁੱਚੀਆਂ ਕਹਾਣੀਆਂ ਉਸਦੇ ਸੰਗ੍ਰਹਿ *ਮੇਰੀਆਂ ਸਾਰੀਆਂ ਕਹਾਣੀਆਂ* ਵਿਚ ਸੰਗ੍ਰਹਿਤ ਹਨ। ਉਸਦੇ ਕਹਾਣੀ-ਸੰਗ੍ਰਹਿ *ਨਵੇਂ ਲੋਕ ਨੂੰ* 1969 ਦਾ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ ਹੈ।

ਵਿਰਕ ਦਾ ਜਨਮ ਸਾਂਝੇ ਪੰਜਾਬ ਦੇ ਸ਼ੇਖ਼ੂਪੁਰੇ (ਹੁਣ ਪਾਕਿਸਤਾਨ) ਦੇ ਪਿੰਡ ਫੁਲਵਰਨ ਵਿਚ ਹੋਇਆ। ਉਸਨੇ ਆਪਣਾ ਬਚਪਨ ਆਪਣੇ ਪਿੰਡ ਵਿਚ ਹੀ ਗੁਜ਼ਾਰਿਆ। ਜੀਵਨ ਦੇ ਇਨ੍ਹਾਂ ਮੁੱਢਲੇ ਸਾਲਾਂ ਵਿਚ ਮਨੁੱਖੀ ਮਨ ਬਹੁਤ ਹੀ ਗ੍ਰਹਿਣਸ਼ੀਲ ਹੁੰਦਾ ਹੈ ਤੇ ਇਸ ਵੇਲੇ ਦੇ ਮਨ ਉੱਪਰ ਪਏ ਪ੍ਰਭਾਵ ਸਾਰੀ ਉਮਰ ਵਿਅਕਤੀ ਦੀ ਸੋਚ ਤੇ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਵਿਰਕ ਦੀਆਂ ਲਿਖਤਾਂ ਉੱਪਰ ਵੀ ਇਸ ਜੀਵਨ ਦਾ ਬਹੁਤ ਗੂੜ੍ਹਾ ਪ੍ਰਭਾਵ ਨਜ਼ਰ ਆਉਂਦਾ ਹੈ ਤੇ ਪਿੰਡ ਦਾ ਜੀਵਨ ਉਸਦੀ ਰਚਨਾ ਦਾ ਨਿਰਧਾਰਕ ਤੱਤ ਹੈ। 'ਫੁਲਵਰਨ' ਪੰਜਾਬ ਦਾ ਪ੍ਰਤਿਨਿੱਧ ਪਿੰਡ ਬਣਕੇ ਉਸਦੀ ਆਤਮਾ ਵਿਚ ਵੱਸ ਗਿਆ ਹੈ। ਉਹ ਖ਼ੁਦ ਮੰਨਦਾ ਹੈ ਕਿ 'ਮੇਰੀ ਸੋਚ ਅਤੇ ਚੇਤਾ, ਜਿਹੜਾ ਮੇਰੀ ਲੇਖਣੀ ਦਾ ਆਧਾਰ ਹਨ ; ਬਹੁਤਾ ਆਪਣੇ ਪਿੰਡ ਵਿਚੋਂ ਆਇਆ।"[2]

ਵਿਰਕ ਟੱਪੇ ਦੇ ਪਿੰਡਾਂ ਦੇ ਜੀਵਨ ਦਾ ਪ੍ਰਮਾਣਿਕ ਅਨੁਭਵ ਉਸਦੀ ਰਚਨਾ ਦੀ ਜਿੰਦ-ਜਾਨ ਬਣਿਆ। ਵਿਸ਼ੇਸ਼ ਕਰਕੇ ਉਸਦੀਆਂ ਪਹਿਲੇ ਦੌਰ ਦੀਆਂ ਤੇ ਆਮ ਕਰਕੇ ਪਿਛਲੇ ਦੌਰ ਦੀਆਂ ਉਸਦੀਆਂ ਕਹਾਣੀਆਂ ਵਿਚ ਸਾਨੂੰ ਪੰਜਾਬ ਦਾ ਪਿੰਡ ਆਪਣੀ ਪੂਰੀ ਸਮੁੱਚਤਾ ਵਿਚ ਬੋਲਦਾ, ਜਿਊਂਦਾ ਤੇ ਵਿਚਰਦਾ ਵਿਖਾਈ ਦੇਂਦਾ ਹੈ। ਵਿਰਕ ਮੁਤਾਬਿਕ ਪੇਂਡੂ ਜੀਵਨ ਦਾ ਮੇਰੇ ਲਿਖਣ ਢੰਗ ਉੱਪਰ ਗੂੜ੍ਹਾ ਅਸਰ ਪਿਆ। ਅੱਜ ਵੀ ਜੇਕਰ ਮੈਨੂੰ ਕੋਈ ਖ਼ਿਆਲ ਸ਼ਹਿਰੀ ਜੀਵਨ ਵਿਚੋਂ ਲੱਭਦਾ ਹੈ ਤਾਂ ਮੈਂ ਉਸਨੂੰ ਚੁੱਕ ਕੇ ਪਿੰਡ ਵਿਚ ਲੈ ਜਾਂਦਾ ਹਾਂ ਅਤੇ ਉਸਨੂੰ ਪਿੰਡ ਵਿਚ ਵਾਪਰੀ ਹੋਈ ਗੱਲ ਬਣਾ ਕੇ ਪੇਸ਼ ਕਰਦਾ ਹਾਂ। ਮੈਨੂੰ ਲਗਦਾ ਸੀ ਕਿ ਇਸ ਤਰ੍ਹਾਂ ਕਹਾਣੀ ਚੰਗੀ ਬਣ ਜਾਵੇਗੀ ਕਿਉਂਕਿ ਮੈਂ ਪਿੰਡ ਦੇ ਜੀਵਨ ਤੇ ਬੋਲੀ ਨੂੰ ਵਧੇਰੇ ਚੰਗੀ ਤਰ੍ਹਾਂ ਜਾਣਦਾ ਹਾਂ।[3]

ਵਿਰਕ ਦਾ ਰਚਨਾ ਕਾਲ ਦੇਸ਼-ਵੰਡ ਦੇ ਦੋਹੀਂ ਪਾਸੀਂ ਫੈਲਿਆ ਹੋਇਆ ਹੈ। ਉਸਦਾ ਜੀਵਨ-ਅਨੁਭਵ ਵੀ ਬਹੁ-ਪਰਤੀ ਤੇ ਬਹੁ-ਪਾਸਾਰੀ ਹੈ। ਉਸਨੂੰ ਪਿੰਡ, ਸ਼ਹਿਰ, ਫ਼ੌਜ ਤੇ ਹੋਰ ਕਈ ਖੇਤਰਾਂ ਦਾ ਅਨੁਭਵ ਹੈ, ਇਸੇ ਬਹੁ-ਰੰਗੇ ਅਨੁਭਵ ਦੀ ਬਦੌਲਤ ਉਸਦੀ ਰਚਨਾ-ਵਸਤੂ ਦੀ ਚੋਣ ਵਿਚ ਵਿਭਿੰਨਤਾ ਤੇ ਬਹੁ-ਰੰਗਤਾ ਹੈ। ਸੰਤ ਸਿੰਘ ਸੇਖੋਂ ਅਨੁਸਾਰ, "ਪਿੰਡਾਂ ਦੇ ਉਨ੍ਹਾਂ ਮੁੰਡਿਆਂ ਨੂੰ ਜਿਹੜੇ ਕਾਲਜਾਂ ਵਿਚ ਪੜ੍ਹ ਕੇ ਸ਼ਹਿਰਾਂ ਦੇ ਜੀਵਨ ਵਿਚ ਆ ਪ੍ਰਵੇਸ਼ ਕਰਦੇ ਹਨ, ਜੀਵਨ ਦਾ ਦੋਹਰਾ ਤਜਰਬਾ ਹੋ ਜਾਂਦਾ ਹੈ, ਇਸ ਲਈ ਉਨ੍ਹਾਂ ਦੇ ਅਨੁਭਵ ਕੁਝ ਵਧੇਰੇ ਹੀ ਵਿਸ਼ਾਲ ਤੇ ਡੂੰਘੇ ਹੁੰਦੇ ਹਨ।"[4] ਸੰਤ ਸਿੰਘ ਸੇਖੋਂ ਦੀ ਇਹ ਟਿੱਪਣੀ ਕੁਲਵੰਤ ਸਿੰਘ ਵਿਰਕ ਦੇ ਹਵਾਲੇ ਨਾਲ ਕੀਤੀ ਗਈ ਹੈ। ਵਿਰਕ ਨੇ ਭਾਵੇਂ ਬਹੁਤੀ ਰਚਨਾ ਦੇਸ਼-ਵੰਡ ਤੋਂ ਬਾਅਦ ਕੀਤੀ ਹੈ ਤੇ ਉਸ ਵਿਚ ਬਹੁਤ ਸਾਰੀ ਰਚਨਾ ਸ਼ਹਿਰੀ ਜੀਵਨ ਨਾਲ ਸੰਬੰਧਿਤ ਹੈ ਤਦ ਵੀ ਉਸਦੀ ਰਚਨਾ ਦਾ ਮੂਲ ਪ੍ਰੇਰਕ ਕਈ ਸਾਲਾਂ ਤੱਕ ਪੰਜਾਬ ਦਾ ਪਿੰਡ ਹੀ ਰਿਹਾ ਹੈ। ਉਹ ਆਪਣੀ ਕਹਾਣੀ ਦੀ ਵਸਤੂ-ਰਚਨਾ ਦੀ ਚੋਣ ਕਰਦਿਆਂ ਵਾਰ-ਵਾਰ ਆਪਣੇ ਪਿੰਡ ਵੱਲ ਪਰਤਦਾ ਹੈ। ਉਸਦਾ ਪਿੰਡ ਫੁਲਵਰਨ ਲਾਹੌਰ ਡਿਵੀਜ਼ਨ ਦੇ ਉਸ ਖਿੱਤੇ ਵਿਚ ਪੈਂਦਾ ਹੈ ਜਿਸਨੂੰ ਸਾਂਦਲ ਬਾਰ ਕਿਹਾ ਜਾਂਦਾ ਹੈ। ਇਸ ਇਲਾਕੇ ਦੇ ਇਕ ਹਿੱਸੇ ਵਿਚ ਵਿਰਕ ਗੋਤ ਦੇ ਲੋਕਾਂ ਦੀ ਜੁੜਵੀਂ ਵਸੋਂ ਹੈ। ਇਸ ਜੁੜਵੀਂ ਵਸੋਂ ਵਾਲੇ ਖਿੱਤੇ ਨੂੰ ਹੀ 'ਵਿਰਕ ਟੱਪਾ' ਕਿਹਾ ਜਾਂਦਾ ਸੀ।

ਇਕੋ ਵਡਿਕੇ ਦੀ ਔਲਾਦ ਅਖਵਾਉਂਦੇ ਵਿਰਕ ਇਕ ਦੂਜੇ ਦੇ ਸਕੇ ਸਨ।[5] ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਆਪਣੇ ਭਾਈਚਾਰੇ ਦੇ ਜੀਵਨ ਵਿਹਾਰ ਨੂੰ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਦੇ ਅਧਿਐਨ ਦੁਆਰਾ ਸਮੁੱਚੇ ਪੰਜਾਬ ਦੇ ਪੇਂਡੂ ਜੀਵਨ ਦੀ ਰਹਿਤਲ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਜਦੋਂ ਵਿਰਕ ਨੇ ਕਹਾਣੀ ਲਿਖਣੀ ਸ਼ੁਰੂ ਕੀਤੀ ਉਸ ਸਮੇਂ ਸ਼ਹਿਰੀ ਜੀਵਨ ਦੇ ਵਿਕਾਸ ਦੀ ਰਫ਼ਤਾਰ ਬਹੁਤ ਧੀਮੀ ਸੀ ਤੇ ਪੰਜਾਬ ਦਾ ਜੀਵਨ ਪਿੰਡਾਂ ਉੱਪਰ ਹੀ ਕੇਂਦ੍ਰਿਤ ਸੀ। ਇਹੋ ਕਾਰਣ ਹੈ ਕਿ ਵਿਰਕ ਤੇ ਉਸਦੇ ਹੋਰ ਸਮਕਾਲੀ ਵੀ ਉਸ ਸਮੇਂ ਆਪਣੀਆਂ ਕਹਾਣੀਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ ਪਿੰਡਾਂ ਦੇ ਜੀਵਨ ਨੂੰ ਵੀ ਪੇਸ਼ ਕਰ ਰਹੇ ਸਨ। ਪਹਿਲੇ ਦੌਰ ਦੇ ਮੋਢੀ ਕਥਾਕਾਰਾਂ, ਗੁਰਮੁਖ ਸਿੰਘ ਮੁਸਾਫਰ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ ਤੋਂ ਲੈ ਕੇ ਵਿਰਕ ਦੇ ਸਮਕਾਲੀ ਕਥਾਕਾਰ ਹਰੀ ਸਿੰਘ ਦਿਲਬਰ, ਸੰਤੋਖ ਸਿੰਘ ਧੀਰ, ਨਵਤੇਜ ਸਿੰਘ, ਨੌਰੰਗ ਸਿੰਘ, ਮਹਿੰਦਰ ਸਿੰਘ ਸਰਨਾ ਆਦਿ ਲੇਖਕਾਂ ਦੀਆਂ ਕਹਾਣੀਆਂ ਵਿਚ ਪੇਂਡੂ ਪਾਤਰ, ਪੇਂਡੂ ਜੀਵਨ ਦ੍ਰਿਸ਼ ਅਤੇ ਪਿੰਡਾਂ ਨਾਲ ਸੰਬੰਧਿਤ ਸਥਿਤੀਆਂ ਦਾ ਸਹਿਜ ਝਲਕਾਰਾ ਮਿਲ ਜਾਂਦਾ ਹੈ, ਪਰ ਵਿਰਕ ਦੀ ਕਹਾਣੀ ਨਾਲ ਨਿੱਕੀ ਪੰਜਾਬੀ ਕਹਾਣੀ ਇਕ ਨਿਸ਼ਚਿਤ, ਸੰਤੁਲਿਤ ਤੇ ਪੰਜਾਬੀ ਨਿੱਜਤਵ ਦੇ ਅਨੁਕੂਲ ਸ਼ੈਲੀ ਨੂੰ ਪ੍ਰਾਪਤ ਹੁੰਦੀ ਹੈ। ਉਸਦੇ ਪੇਸ਼ ਕੀਤੇ ਅਨੁਭਵ ਦਾ ਸਰੂਪ ਤੇ ਪ੍ਰਗਟਾ ਨਿਰੋਲ ਪੰਜਾਬੀ ਹੈ, ਸੁਭਾਅ ਆਧੁਨਿਕ ਤੇ ਵਿਗਿਆਨਕ ਅਤੇ ਉਸਦੀ ਪ੍ਰੇਰਨਾ ਵਿਆਪਕ ਤੇ ਸਦੀਵੀ ਹੈ।[6]

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਪੰਜਾਬ ਦਾ ਤਤਕਾਲੀਨ ਪਿੰਡ ਸਮੁੱਚਤਾ ਵਿਚ ਪੇਸ਼ ਹੋਇਆ ਹੈ। ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਜੇ ਜਾਣਨਾ, ਸਮਝਣਾ ਜਾਂ ਵੇਖਣਾ ਹੋਵੇ ਤਾਂ ਸਾਨੂੰ ਵਿਰਕ ਦੀਆਂ ਕਹਾਣੀਆਂ ਦਾ ਪਾਠ ਕਰਨਾ ਲੋੜੀਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ 'ਵਿਰਕ ਨੇ ਪਿੰਡ ਦੇ ਜੀਵਨ ਬਾਰੇ ਲਿਖਣ ਵਾਲੇ ਹੋਰ ਕਹਾਣੀਕਾਰਾਂ ਵਿਚ ਆਪਣਾ ਨਿਵੇਕਲਾ ਸਥਾਨ ਹੀ ਨਹੀਂ ਬਣਾਇਆ, ਸਗੋਂ ਉਹਦੀਆਂ ਪਿੰਡ ਦੇ

ਜੀਵਨ ਬਾਰੇ ਲਿਖੀਆਂ ਕਹਾਣੀਆਂ ਨੂੰ ਉਹਦੀਆਂ ਸਮੁੱਚੀਆਂ ਕਹਾਣੀਆਂ ਵਿਚ ਰੱਖ ਕੇ ਵੇਖੀਏ ਤਾਂ ਸਾਫ ਦਿਸਦਾ ਹੈ ਕਿ ਪਿੰਡ ਦੇ ਜੀਵਨ ਨਾਲ ਸੰਬੰਧਤ ਉਸਦੀਆਂ ਕਹਾਣੀਆਂ ਦਾ ਕੱਦ ਸ਼ਹਿਰੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਨਾਲੋਂ ਉੱਚਾ ਹੈ।''[7] ਉਸਦੀਆਂ ਕਹਾਣੀਆਂ ਵਿਚ ਜਿਹੜਾ ਪਿੰਡ ਨਜ਼ਰ ਆਉਂਦਾ ਹੈ, ਉਹ ਜਾਂ ਤਾਂ ਉਸਨੇ ਆਪਣੇ ਅਨੁਭਵ ਰਾਹੀਂ ਕਸ਼ੀਦਿਆ ਹੈ ਜਾਂ ਆਪਣੇ ਪੁਰਖਿਆਂ ਦੇ ਅਨੁਭਵ ਨੂੰ ਆਪਣੀ ਆਤਮਾ ਵਿਚ ਵਸਾ ਕੇ ਸਿਰਜਿਆ ਹੈ। ਇਹ ਦੌਰ ਉਸ ਇਤਿਹਾਸਕ ਦੌਰ ਦੀ ਗਵਾਹੀ ਭਰਦਾ ਹੈ ਜਦੋਂ ਅੰਗਰੇਜ਼ਾਂ ਨੇ ਪੰਜਾਬ ਵਿਚ ਰੇਲਾਂ, ਨਹਿਰਾਂ, ਸੜਕਾਂ ਦੀ ਉਸਾਰੀ ਦੇ ਨਾਲ-ਨਾਲ ਵਿਦਿਅਕ ਪ੍ਰਬੰਧ ਵੀ ਸ਼ੁਰੂ ਕਰ ਦਿੱਤਾ ਸੀ। ਜੰਗਲ ਪੁੱਟ ਕੇ ਨਵੀਆਂ ਧਰਤੀਆਂ ਆਬਾਦ ਕੀਤੀਆਂ ਜਾ ਰਹੀਆਂ ਸਨ ਅਤੇ ਕਿਸਾਨਾਂ ਨੂੰ ਇਹ ਜ਼ਮੀਨਾਂ ਆਬਾਦ ਕਰਨ ਲਈ ਸੱਦਾ ਦਿੱਤਾ ਗਿਆ ਸੀ। ਇਸ ਇਲਾਕੇ ਦੇ ਜੰਗਲਾਂ ਵਿਚ ਰਹਿੰਦੇ ਮੂਲ ਬਾਸ਼ਿੰਦਿਆਂ ਨੂੰ ਇਸ ਤਰੱਕੀ ਦਾ ਮੁੱਲ ਤਾਰਨਾ ਪਿਆ। ਉਨ੍ਹਾਂ ਦੀਆਂ ਚਰਾਂਦਾ ਦੇ ਇਲਾਕੇ ਖੁੱਸ ਗਏ। ਨਵੀਂ ਆਬਾਦ ਕੀਤੀ ਜ਼ਮੀਨ ਵਿਚ ਨਵੇਂ ਆਬਾਦਕਾਰਾਂ ਨੇ ਨਵੇਂ ਪਿੰਡ ਵਸਾਉਣੇ ਸੁਰੂ ਕੀਤੇ। ਉਨ੍ਹਾਂ ਨੂੰ ਪਸ਼ੂ-ਪਾਲਕ ਜਾਂਗਲੀਆਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ, ਪਰ ਹੌਲੀ-ਹੌਲੀ ਉਨ੍ਹਾਂ ਨੇ ਆਪਣੇ ਪੈਰ ਪੱਕੇ ਜਮਾ ਲਏ। ਬੱਚਿਆਂ ਦੀ ਪੜ੍ਹਾਈ ਲਈ ਨਵੇਂ ਸਕੂਲ-ਕਾਲਜ ਖੋਲ੍ਹਣੇ ਸ਼ੁਰੂ ਕੀਤੇ। ਫ਼ੌਜ ਅਤੇ ਹੋਰ ਖੇਤਰਾਂ ਵਿਚ ਉਨ੍ਹਾਂ ਦੀ ਪੜ੍ਹੀ-ਲਿਖੀ ਔਲਾਦ ਕੰਮ ਕਰਨ ਲੱਗੀ। ਇਹ ਪੜ੍ਹੇ-ਲਿਖੇ ਲੋਕ ਜਦੋਂ ਪਿੰਡ ਪਰਤਦੇ ਤਾਂ ਆਪਣੇ ਨਾਲ ਨਵੇਂ ਬਦਲ ਰਹੇ ਜੀਵਨ ਦੀਆਂ ਰੌਆਂ ਵੀ ਲੈ ਕੇ ਪਰਤਦੇ ਸਨ, ਇਹ ਰੌਆਂ ਪਿੰਡ ਦੇ ਠਹਿਰੇ ਹੋਏ ਜੀਵਨ ਵਿਚ ਹਿਲਜੁੱਲ ਪੈਦਾ ਕਰਨ ਦਾ ਸਬੱਬ ਬਣਦੀਆਂ। ਇਨ੍ਹਾਂ ਨਵੀਆਂ ਸੋਚਾਂ ਤੇ ਤਬਦੀਲੀਆਂ ਦੇ ਬਾਵਜੂਦ ਅਜੇ ਵੀ ਮੂਲ ਰੂਪ ਵਿਚ ਪੰਜਾਬ ਦਾ ਪਿੰਡ ਜਾਗੀਰੂ ਸੋਚ ਦੀ ਹੀ ਪ੍ਰਤਿਨਿੱਧਤਾ ਕਰਦਾ ਸੀ, ਸਗੋਂ ਹਕੀਕਤ ਤਾਂ ਇਹ ਹੈ ਕਿ ਜਾਂਗਲੀ ਲੋਕ ਤਾਂ ਇਸ ਤੋਂ ਵੀ ਪਹਿਲਾਂ ਵਾਲੇ ਪਸ਼ੂ-ਪਾਲਕ ਕਬੀਲਾਈ ਸਮਾਜ ਦੀ ਪ੍ਰਤਿਨਿਧਤਾ ਕਰਦੇ ਸਨ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਇਹੋ ਪਿੰਡ ਦ੍ਰਿਸ਼ਟੀਗੋਚਰ ਹੁੰਦਾ ਹੈ।

ਉਸ ਦੌਰ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਕਿਸਾਨੀ ਸਮਾਜ ਭਾਵੇਂ ਜਾਤਾਂ-ਜਮਾਤਾਂ ਵਿਚ

ਵੰਡਿਆ ਹੋਇਆ ਸੀ, ਪਰ ਇਸ ਵੰਡ ਦੇ ਬਾਵਜੂਦ ਪਿੰਡਾਂ ਵਿਚ ਭਾਈਚਾਰਕ ਸਾਂਝ ਬਹੁਤ ਮਜ਼ਬੂਤ ਸੀ। ਪਰ ਪੂੰਜੀਵਾਦੀ ਕੀਮਤਾਂ ਦੇ ਅਸਰ ਹੇਠ ਇਸ ਸਾਂਝ ਵਿਚ ਫ਼ਰਕ ਪੈਣਾ ਸ਼ੁਰੂ ਹੋ ਗਿਆ ਸੀ ਤੇ ਵਿਅਕਤੀਵਾਦੀ ਰੁਝਾਨਾਂ ਵਿਚ ਵਾਧਾ ਹੋ ਰਿਹਾ ਸੀ। ਇਸ ਕਾਰਣ ਭਾਈਚਾਰਕ ਸਾਂਝ ਦੀਆਂ ਤੰਦਾਂ ਢਿੱਲੀਆਂ ਹੋ ਕੇ ਟੁੱਟ ਰਹੀਆਂ ਸਨ। ਕੁਲਵੰਤ ਸਿੰਘ ਵਿਰਕ ਦੀ ਬਰੀਕ ਨਜ਼ਰ ਇਸ ਪਰਿਵਰਤਨ ਨੂੰ ਤਾੜ ਰਹੀ ਸੀ। ਵਿਰਕ ਦੀਆਂ ਕਹਾਣੀਆਂ ਵਿਚ ਜਿੱਥੇ ਪੁਰਾਤਨ ਸੰਗਠਿਤ ਭਾਈਚਾਰੇ ਦਾ ਬਿੰਬ ਬੜੀ ਕੁਸ਼ਲਤਾ ਨਾਲ ਉਸਾਰਿਆ ਗਿਆ ਹੈ ਉੱਥੇ ਉਸ ਨੇ ਨਵੇਂ ਜ਼ਮਾਨੇ ਦੀਆਂ ਨਵੀਆਂ ਰੌਆਂ ਨੂੰ ਵੀ ਕਲਾਤਮਕ ਜ਼ੁਬਾਨ ਦਿੱਤੀ ਹੈ। ਉਸਦੀਆਂ ਕਹਾਣੀਆਂ 'ਉਜਾੜ', 'ਤੂੜੀ ਦੀ ਪੰਡ'', ''ਉਲ੍ਹਾਮਾ'' ਤੇ ''ਮੁਕਤਸਰ'' ਆਦਿ ਵਿਚ ਸਾਨੂੰ ਜਿੱਥੇ ਸੰਗਠਿਤ ਭਾਈਚਾਰਕ ਸਾਂਝ ਦੇ ਪ੍ਰਮਾਣਿਕ ਹਵਾਲੇ ਮਿਲਦੇ ਹਨ ਉੱਥੇ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਟੁੱਟ ਰਹੇ ਭਾਈਚਾਰੇ ਦਾ ਦ੍ਰਿਸ਼ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਸੰਤ ਸਿੰਘ ਸੇਖੋਂ ਮੁਤਾਬਿਕ, ''ਪਿੰਡ ਦੀ ਜ਼ਿੰਦਗੀ ਦੀ ਨਰੋਈ ਖੁਲ੍ਹ ਤੋਂ ਉਪਰੰਤ ਬਦਲ ਰਹੇ ਸਮਿਆਂ ਦੀ ਚਾਲ ਦੀ ਤਸਵੀਰ ਇਨ੍ਹਾਂ ਕਹਾਣੀਆਂ ਵਿਚ ਇਸ ਤਰ੍ਹਾਂ ਲਿਖੀ ਗਈ ਹੈ ਕਿ ਇਹ ਖਲੋਤੀਆਂ ਨਹੀਂ, ਚਲਦੀਆਂ ਫਿਲਮਾਂ ਜਾਪਦੀਆਂ ਹਨ।''[8] ਕਹਾਣੀ 'ਉਜਾੜ' ਦਾ ਆਲਾ ਸਿੰਘ, 'ਤੂੜੀ ਦੀ ਪੰਡ' ਦਾ ਬਹਾਦਰ ਸਿੰਘ, 'ਉਲ੍ਹਾਮਾ' ਦਾ ਬਲਕਾਰ ਸਿੰਘ ਪੁਰਾਣੇ ਕਿਸਾਨੀ ਸਮਾਜ ਦੇ ਸੰਗਠਿਤ ਭਾਈਚਾਰੇ ਦੇ ਪ੍ਰਤਿਨਿਧ ਕਿਰਦਾਰ ਹਨ। ਉਨ੍ਹਾਂ ਵਾਸਤੇ ਪਹਿਲ ਆਪਣੇ ਪਿੰਡ ਤੇ ਭਾਈਚਾਰੇ ਦੀ ਹੈ ਤੇ ਇਸ ਪਹਿਲ ਲਈ ਉਹ ਹਰ ਕੁਰਬਾਨੀ ਕਰਨ ਲਈ ਵੀ ਤਿਆਰ ਰਹਿੰਦੇ ਹਨ। ਜਦੋਂ ਉਹ ਕਿਸੇ ਦੂਸਰੀ ਧਿਰ ਜਾਂ ਭਾਈਚਾਰੇ ਨਾਲ ਆਪਣੀ ਤੁਲਨਾ ਕਰ ਰਹੇ ਹੁੰਦੇ ਹਨ ਤਾਂ ਉਹ ਕਦੀ ਵੀ ਆਪਣੇ-ਆਪ ਨੂੰ ਇਕੱਲਾ ਨਹੀਂ ਸਮਝਦੇ। ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦਾ ਸਮੁੱਚਾ ਭਾਈਚਾਰਾ ਬਾਹਵਾਂ ਬਣ ਕੇ ਉਨ੍ਹਾਂ ਦੇ ਨਾਲ ਖੜ੍ਹਾ ਹੈ।

'ਉਜਾੜ' ਕਹਾਣੀ ਦੇ ਆਲਾ ਸਿੰਘ ਨੂੰ ਪਤਾ ਹੈ ਕਿ ਗੁਆਂਢੀ ਪਿੰਡ ਦਾ ਮੁਸਲਮਾਨ ਚੌਧਰੀ ਜ਼ਮੀਨ-ਜਾਇਦਾਦ ਵਿਚ ਉਸ ਨਾਲੋਂ ਸਮਰਿਧ ਹੈ। ਜਦੋਂ ਚੌਧਰੀ ਦਾ ਨੌਕਰ ਆਲਾ ਸਿੰਘ ਵੱਲੋਂ ਪਿੰਡ ਵਿਚ ਬਣਵਾਏ ਡਾਕਖਾਨੇ ਵਿਚੋਂ ਅਖ਼ਬਾਰ ਲੈਣ ਆਉਂਦਾ ਹੈ ਤਾਂ ਆਲਾ ਸਿੰਘ ਚੌਧਰੀ ਦੇ

ਨੌਕਰ ਨੂੰ ਇਹ ਜਤਾ ਕਿ ਚੌਧਰੀ ਦੇ ਪਿੰਡ ਡਾਕਖਾਨਾ ਨਹੀਂ ਹੈ, ਆਪਣੇ-ਆਪ ਨੂੰ ਚੌਧਰੀ ਤੋਂ ਵੱਡਾ ਬਣਾ ਕੇ ਪੇਸ਼ ਕਰਦਾ ਹੈ। 'ਤੂੜੀ ਦੀ ਪੰਡ' ਦੇ ਬਹਾਦਰ ਸਿੰਘ ਨੂੰ ਉਨ੍ਹਾਂ ਦੇ ਪਿੰਡ ਹਾਥੀ 'ਤੇ ਬੈਠ ਕੇ ਵੋਟਾਂ ਮੰਗਣ ਆਇਆ ਵੜੈਚ ਸਰਦਾਰ ਆਪਣੇ ਤੋਂ ਕਿਸੇ ਵੀ ਤਰ੍ਹਾਂ ਵੱਡਾ ਨਹੀਂ ਲੱਗਦਾ। ਵੜੈਚ ਸਰਦਾਰ ਨੂੰ ਇਹ ਆਖ ਕੇ ਕਿ ਉਹ ਉਸਦੇ ਪੁੱਤਰ ਨੂੰ ਘਰ ਤੱਕ ਹਾਥੀ 'ਤੇ ਬਿਠਾ ਕੇ ਪੁਚਾ ਦੇਵੇ, ਇਕ ਤਰ੍ਹਾਂ ਨਾਲ ਵੜੈਚ ਸਰਦਾਰ ਨੂੰ ਹਾਥੀ ਤੋਂ ਉਤਾਰ ਕੇ ਆਪਣੇ ਬਰਾਬਰ ਖੜ੍ਹਾ ਕਰਨ ਦੇ ਤੁੱਲ ਹੈ। ਉਸ ਲਈ ਵੜੈਚ ਸਰਦਾਰ ਕੋਈ ਵੱਡੀ ਹਸਤੀ ਨਹੀਂ ਰਹਿ ਜਾਂਦੀ।

ਜਾਤ-ਬਰਾਦਰੀ ਦੀ ਸਾਂਝ ਇਨ੍ਹਾਂ ਲੋਕਾਂ ਵਿਚ ਇਸ ਕਦਰ ਭਾਰੂ ਹੈ ਕਿ ਉਹ ਚੋਣਾਂ ਵੇਲੇ ਪਾਰਟੀਆਂ ਜਾਂ ਪਾਲਸੀਆਂ ਨੂੰ ਨਹੀਂ ਸਗੋਂ ਭਾਈਚਾਰੇ ਨੂੰ ਮਹੱਤਵ ਦੇਂਦੇ ਹਨ। ਇਸੇ ਕਰਕੇ ਵੋਟਾਂ ਮੰਗਣ ਆਏ ਵੜੈਚ ਸਰਦਾਰ ਨੂੰ (ਤੂੜੀ ਦੀ ਪੰਡ) ਚੱਠਿਆਂ ਦੇ ਪਿੰਡੋਂ ਸ਼ਰਮਿੰਦਾ ਹੋ ਕੇ ਵਾਪਸ ਪਰਤਣਾ ਪੈਂਦਾ ਹੈ। ਉਸ ਮੁਤਾਬਿਕ "ਭਈ ਚੱਠਿਆਂ ਦੁਆਲੇ ਤਾਂ ਇਕ ਵਲਗਣ ਵਲਿਆ ਹੋਇਆ ਹੈ।"[9] 'ਉਜਾੜ' ਦੇ ਆਲਾ ਸਿੰਘ ਕੋਲ ਵੀ ਉਮੀਦਵਾਰ ਦੀ ਚੋਣ ਕਰਨ ਵੇਲੇ ਕੇਵਲ ਇਕੋ-ਇਕ ਭਾਈਚਾਰੇ ਦੀ ਕਸਵਟੀ ਹੀ ਹੈ। ਉਹ ਆਪਣਾ ਨਿਰਣਾ ਦੇਂਦਿਆਂ ਆਖਦਾ ਹੈ, "ਪਿਛਲੀ ਵਾਰੀ ਮੈਂਬਰ ਸੀ ਸ਼ੇਰੇ ਕੀ ਬਰਾਦਰੀ ਦਾ। ਐਂਤਕੀ ਸਾਡੀ ਟੱਲੇਕਿਆਂ ਦੀ ਵਾਰੀ ਏ। ਪਿੰਡ ਤੇ ਸਾਡੇ ਉਨ੍ਹਾਂ ਨਾਲੋਂ ਢੇਰ ਬਹੁਤੇ ਨੇ, ਪਰ ਅੱਧ ਤੇ ਦੇਣ ਨਾ ਸਾਨੂੰ।"[10] 'ਮੁਕਤਸਰ'[11] ਕਹਾਣੀ ਵਿਚ ਵੀ ਵਿਰਕ ਭਾਈਚਾਰੇ ਦੀ ਭਾਈਚਾਰਕ ਸਾਂਝ ਦਾ ਬਿਰਤਾਂਤ ਸਿਰਜਦਾ ਹੋਇਆ ਲੇਖਕ ਇਹ ਸਥਾਪਿਤ ਕਰਦਾ ਹੈ ਕਿ ਜਦੋਂ ਵਿਰਕਾਂ ਦੇ ਸਾਰੇ ਪਿੰਡ ਇਕੱਠੇ ਹੋ ਕੇ ਕਿਸੇ ਇਕ ਬੰਦੇ 'ਤੇ ਮੈਂਬਰ ਬਣਨ ਦੀ ਉਂਗਲੀ ਧਰ ਦੇਂਦੇ ਸਨ ਤਾਂ ਫਿਰ ਸ਼ਹਿਰਾਂ ਤੋਂ ਝੰਡੇ, ਇਸ਼ਤਿਹਾਰ ਤੇ ਲਾਊਡ ਸਪੀਕਰ ਲੈ ਕੇ ਆਉਣ ਵਾਲੀਆਂ ਪਾਰਟੀਆਂ ਜਾਂ ਪ੍ਰਚਾਰਕਾਂ ਦੀ ਉਨ੍ਹਾਂ ਸਾਹਮਣੇ ਦਾਲ ਨਹੀਂ ਸੀ ਗਲਦੀ।

ਉਸ ਦੌਰ ਦੇ ਕਿਸਾਨੀ ਸਮਾਜ ਦੇ ਇਹ ਬਜ਼ੁਰਗ ਆਪਣੇ ਪਿੰਡਾਂ ਦੇ ਅਜਿਹੇ ਮੁਖੀ ਸਨ ਜਿਨ੍ਹਾਂ ਨੂੰ ਵੋਟ ਪਾ ਕੇ ਨਹੀਂ ਸੀ ਚੁਣਿਆ ਜਾਂਦਾ, ਸਗੋਂ ਉਹ ਆਪਣੀ ਦਾਨਾਈ, ਸਿਆਣਪ, ਬਜ਼ੁਰਗੀ ਤੇ

ਚੰਗੇਰੀ ਆਰਥਕ ਹੈਸੀਅਤ ਕਰਕੇ ਪਿੰਡ ਜਾਂ ਭਾਈਚਾਰੇ ਦੇ ਮੁਖੀ ਮੰਨੇ ਜਾਂਦੇ ਸਨ। ਸਾਰਾ ਪਿੰਡ ਉਨ੍ਹਾਂ ਦਾ ਆਦਰ ਕਰਦਾ ਸੀ ਤੇ ਉਨ੍ਹਾਂ ਤੋਂ ਭੈਅ ਵੀ ਖਾਂਦਾ ਸੀ। ਇਹ ਬਜ਼ੁਰਗ ਵੀ ਪਿੰਡ ਦੇ ਹਰ ਵਿਅਕਤੀ ਨੂੰ ਆਪਣੇ ਘਰ ਦਾ ਜੀਅ ਸਮਝਦੇ ਸਨ ਤੇ ਉਨ੍ਹਾਂ ਦੇ ਹਰ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਸਨ। ਆਮ ਤੌਰ 'ਤੇ ਬਰਾਦਰੀ ਦੇ ਮੁਖੀ ਆਪਣੇ ਲੋਕਾਂ ਉੱਤੇ ਨਿਯੰਤਰਨ ਰੱਖਦੇ ਤੇ ਉਨ੍ਹਾਂ ਦੇ ਵਿਹਾਰ ਨੂੰ ਮਰਿਆਦਤ ਬਨਾਉਣ ਦਾ ਯਤਨ ਕਰਦੇ। ਆਲਾ ਸਿੰਘ (ਉਜਾੜ), ਬਲਕਾਰ ਸਿੰਘ (ਉਲ੍ਹਾਮਾ) ਤੇ ਬਹਾਦਰ ਸਿੰਘ (ਤੂੜੀ ਦੀ ਪੰਡ) ਅਜਿਹੇ ਹੀ ਪਾਤਰ ਸਨ ਜੋ ਆਪਣੇ ਭਾਈਚਾਰੇ ਦੇ ਲੋਕਾਂ 'ਤੇ ਕੰਟਰੋਲ ਰੱਖਣ ਦਾ ਤੇ ਉਨ੍ਹਾਂ ਨੂੰ ਇਕ ਲੜੀ ਵਿਚ ਪਰੋਈ ਰੱਖਣ ਦਾ ਯਤਨ ਕਰਦੇ ਹਨ।[12]

ਪਿੰਡ ਦੇ ਇਨ੍ਹਾਂ ਮੁਖੀਆਂ ਲਈ ਪਿੰਡ ਦੇ ਕੰਮੀ-ਕਮੀਣ ਭਾਵੇਂ ਹਕੀਕਤ ਵਿਚ ਹਨ ਤਾਂ 'ਕੰਮੀ-ਕਮੀਣ' ਹੀ, ਤਦ ਵੀ ਉਹ ਉਨ੍ਹਾਂ ਦੇ ਆਪਣੇ ਹਨ। ਦੋਵੇਂ ਧਿਰਾਂ ਆਰਥਕ ਤੇ ਸਮਾਜਕ ਸੰਬੰਧਾਂ ਕਾਰਣ ਇਕ ਦੂਸਰੇ ਨਾਲ ਪੂਰੀ ਤਰ੍ਹਾਂ ਬੱਝੀਆਂ ਹੋਈਆਂ ਹਨ। ਇਸੇ ਲਈ ਜਦੋਂ ਆਲਾ ਸਿੰਘ ਨੇ ਨਵਾਂ ਪਿੰਡ ਬੱਧਾ ਸੀ ਤਾਂ ਪਿੰਡ ਦੇ ਕੰਮੀਆਂ ਨੂੰ ਵੀ ਘਰ ਬਨਾਉਣ ਵਾਸਤੇ ਵੱਖਰੀ ਜ਼ਮੀਨ ਦਿੱਤੀ ਗਈ ਸੀ। ਪਿੰਡ ਦੇ ਦਲਿਤ ਵੀਰੂ ਦੀ ਧੀ ਉਹਦੇ ਲਈ ਆਪਣੀ ਧੀ ਵਾਂਗ ਹੈ ਤੇ ਉਸਦਾ ਜਵਾਈ ਉਹਦੇ ਆਪਣੇ ਜਵਾਈ ਵਾਂਗ ਹੀ ਆਦਰ ਦੇਣ ਯੋਗ ਹੈ। ਉਹ ਉਦੋਂ ਪੁਰਾਣੇ ਕਿਸਾਨੀ ਸਮਾਜ ਦੀ ਇਸੇ ਕੀਮਤ ਨੂੰ ਦ੍ਰਿੜ ਕਰਵਾਉਂਦਾ ਹੈ ਜਦੋਂ ਉਹ ਰਾਹ ਵਿਚ ਪੈਦਲ ਆਉਂਦੇ ਵੀਰੂ ਦੇ ਧੀ ਜਵਾਈ ਨੂੰ ਸਵਾਰੀ ਕਰਨ ਲਈ ਆਪਣੀ ਘੋੜੀ ਦੇ ਦੇਂਦਾ ਹੈ ਤੇ ਜਦੋਂ ਵੀਰੂ ਘੋੜੀ ਵਾਪਸ ਕਰਨ ਲਈ ਆਉਂਦਾ ਹੈ ਤਾਂ ਅੱਗੋਂ ਆਲਾ ਸਿੰਘ ਆਖਦਾ ਹੈ, "ਨਹੀਂ ਭਈ ਵੀਰੂ, ਜਦੋਂ ਮੇਰੀ ਧੀ ਸਹੁਰੇ ਜਾਏ ਤੇ ਜਦੋਂ ਆਵੇ ਤਾਂ ਏਹਦੇ 'ਤੇ ਚੜ੍ਹ ਕੇ ਆਵੇ।"[13] ਬਹਾਦਰ ਸਿੰਘ (ਤੂੜੀ ਦੀ ਪੰਡ) ਦੇ ਪਿੰਡ ਦੇ ਕਿਸੇ ਫੌਜੀ ਦੀ ਵਹੁਟੀ ਆਪਣਾ ਗੁਜ਼ਾਰਾ ਤੋਰਨ ਲਈ ਜਦੋਂ ਸ਼ਹਿਰ ਕਿਸੇ ਕੋਲ ਨੌਕਰੀ ਕਰਨ ਲੱਗਦੀ ਹੈ ਤਾਂ ਉਸਨੂੰ ਇਸ ਵਿਚ ਔਰਤ ਦੇ ਪਰਿਵਾਰ ਦੀ ਥਾਂ ਆਪਣੀ ਹੇਠੀ ਮਹਿਸੂਸ ਹੁੰਦੀ ਹੈ, ਜਿਵੇਂ ਉਸਦੀ ਆਪਣੀ ਨੂੰਹ ਕਿਸੇ ਦੀ ਨੌਕਰ ਜਾ ਲੱਗੀ ਹੋਵੇ।

ਪੁਰਾਣੇ ਕਿਸਾਨੀ ਸਮਾਜ ਦੀ ਇਹ ਬਹੁਤ ਸਿਹਤਮੰਦ ਰਵਾਇਤ ਸੀ, ਜਿਸ ਵਿਚ ਜਾਤ, ਰੁਤਬੇ

ਜਾਂ ਹੈਸੀਅਤ ਨੂੰ ਭੁਲਾ ਕੇ ਰਿਸ਼ਤਗੀ ਦੀ ਪੱਧਰ ’ਤੇ ਸਾਰਾ ਪਿੰਡ ਪੱਕੀਆਂ-ਪੀਢੀਆਂ ਤੰਦਾਂ ਵਿਚ ਬੱਝਾ ਹੋਇਆ ਸੀ। ਆਪਸੀ ਸਦਭਾਵਨਾ ਦਾ ਜੀਵਨ ਇਕ ਦੂਜੇ ਦੇ ਧਰਮਾਂ ਪ੍ਰਤਿ ਵੀ ਸਹਿਣਸ਼ੀਲਤਾ ਦੇ ਭਾਵ ਬਣਾਈ ਰੱਖਣ ਵਿਚ ਸਹਾਈ ਹੁੰਦਾ ਸੀ। ਇਹੋ ਕਾਰਣ ਹੈ ਕਿ ਬਲਕਾਰ ਸਿੰਘ (ਉਲ੍ਹਾਮਾ) ਜਦੋਂ ਪਿੰਡ ਦੇ ਕਿਸੇ ਮੁਸਲਮਾਨ ਨੂੰ ਨਮਾਜ਼ ਦੇ ਸਮੇਂ ਪਿੰਡ ਵਿਚ ਜਾਂ ਕਿਸੇ ਕੰਮ-ਧੰਦੇ ਵਿਚ ਰੁਝੇ ਵੇਖਦਾ ਹੈ ਤਾਂ ਸਿੱਖ ਹੋਣ ਦੇ ਬਾਵਜੂਦ ਉਸ ਨੂੰ ਛੇਤੀ ਮਸੀਤੇ ਪਹੁੰਚ ਕੇ ਨਮਾਜ਼ ਅਦਾ ਕਰਨ ਲਈ ਪ੍ਰੇਰਦਾ ਹੈ। ਇੰਜ ਹੀ ਲੋਕ ਜਾਤਾਂ-ਧਰਮਾਂ ਦੇ ਵਖਰੇਵਿਆਂ ਦੇ ਬਾਵਜੂਦ ਇਕ ਦੂਜੇ ਨਾਲ ਖ਼ੁਸ਼ੀ ਜਾਂ ਗ਼ਮੀ ਸਾਂਝੀ ਕਰਨ ਲਈ ਮਿਲਦੇ-ਗਿਲਦੇ ਹਨ। ‘ਸਾਂਝ’ ਕਹਾਣੀ ਵਿਚ ਪਿੰਡ ਦਾ ਸਰਦਾਰ ਆਪਣੇ ਜਵਾਈ ਦੇ ਮਰ ਜਾਣ ’ਤੇ ਅਫ਼ਸੋਸ ਕਰਨ ਆਏ ਕੰਮੀ ਦੇ ਗਲ ਲੱਗ ਕੇ ਰੋਂਦਾ ਹੈ, ਕਿਉਂਕਿ ਉਨ੍ਹਾਂ ਦੋਹਾਂ ਦੇ ਜਵਾਈ ਮਰ ਜਾਣ ਕਰਕੇ ਆਪਸੀ ਦੁੱਖ ਸਾਂਝਾ ਹੈ। ‘ਛਾਹ ਵੇਲਾ’ ਵਿਚ ਜਦੋਂ ਤੇਜੂ ਦਾ ਪੱਗ ਵੱਟ ਭਰਾ ਤੇ ਯਾਰ ਮੁਰਾਦੀ ਖ਼ਰਲ ਕਈ ਮੁਸ਼ਕਲਾਂ ਝਾਗ ਕੇ ਵਿਆਹ-ਸ਼ਾਦੀਆਂ ’ਤੇ ਸਮੇਤ ਟੱਬਰ ਪਹੁੰਚਦਾ ਹੈ ਤਾਂ ਉਹ ਮਾਨਵੀ ਸਾਂਝ ਦਾ ਆਦਰਸ਼ਕ ਬਿੰਬ ਹੋ ਨਿਬੜਦਾ ਹੈ। ਇਹ ਸਾਂਝ ਦਾ ਬਿੰਬ ਉਦੋਂ ਹੋਰ ਵੀ ਉਘੜਵਾਂ ਹੋ ਜਾਂਦਾ ਹੈ, ਜਦੋਂ ਗਵਾਂਢਣ ਦੇ ਸਵਾਲ, ‘‘ਨੀ ਭੈਣ ਭਾਗਣੇ, ਮੁੜ ਸਿੱਖੜਿਆਂ ਦੇ ਵਿਆਹ ਜਾ ਤੁਸੀ ਕੇ ਕਰਸੋ?’ ਦੇ ਜਵਾਬ ਵਿਚ ਭਾਗਣ ਆਖਦੀ ਹੈ, ‘‘ਨਾ ਭੈਣ ਸਾਡੇ ਤੇ ਉਹ ਡਾਢੇ ਸੱਕੇ ਨੀ।’’[14]

‘ਤੂੜੀ ਦੀ ਪੰਡ’ ਦੇ ਬਹਾਦਰ ਸਿੰਘ ਬਾਰੇ ਵਿਰਕ ਵਲੋਂ ਦਿੱਤਾ ਬਿਆਨ ਕਿ ਉਹ ਪਿੰਡ ਦੇ ਜੀਆਂ ਨੂੰ ਇੰਜ ਹੀ ਆਪਣੇ ਅਧੀਨ ਸੁਰੱਖਿਅਤ ਵੇਖਣਾ ਚਾਹੁੰਦਾ ਹੈ ਜਿਵੇਂ ਕੁਕੜੀ ਆਪਣੇ ਖੰਭਾਂ ਹੇਠ ਆਪਣੇ ਬੱਚਿਆਂ ਨੂੰ ਲੁਕਾ ਕੇ ਸੁਰੱਖਿਅਤ ਰੱਖਦੀ ਹੈ। ਅਜਿਹੇ ਹੀ ਵਿਹਾਰ ਦੀ ਇਕ ਹੋਰ ਮਿਸਾਲ ‘ਉਲ੍ਹਾਮਾ’ ਕਹਾਣੀ ਦੇ ਬਲਕਾਰ ਸਿੰਘ ਦੇ ਵਿਹਾਰ ਵਿਚੋਂ ਵੀ ਪ੍ਰਗਟ ਹੁੰਦੀ ਹੈ। ਪਾਕਿਸਤਾਨ ਬਣ ਜਾਣ ਵੇਲੇ ਜਦੋਂ ਬਲਕਾਰ ਸਿੰਘ ਇਕ ਦਿਨ ਕੈਂਪ ਵਿਚੋਂ ਆਗਿਆ ਲੈ ਕੇ ਆਪਣੇ ਪਿੰਡ ਗੇੜਾ ਮਾਰਨ ਆਉਂਦਾ ਹੈ ਤਾਂ ਘਰੋਂ ਬੇਘਰ ਹੋਏ ਪਿੰਡ ਦੇ ਇਸ ਬਜ਼ੁਰਗ ਨੂੰ ਇਕ ਮੁਸਲਮਾਨ ਔਰਤ ਉਲ੍ਹਾਮਾ ਦੇਂਦੀ ਹੈ ਕਿ ਉਨ੍ਹਾਂ ਨੂੰ ਪਿੱਛੇ ਕਿਸ ਦੇ ਆਸਰੇ ਛੱਡ ਕੇ ਉਹ ਆਪ ਕੁੱਪ ਵਿਚ ਜਾ ਬੈਠਾ

ਹੈ।[15] ਇਹ ਵਾਰਤਾਲਾਪ ਇਸ ਹਕੀਕਤ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਕਿਵੇਂ ਹਰ ਤਰ੍ਹਾਂ ਦੇ ਵਖਰੇਵੇਂ ਤੇ ਵੰਡੀਆਂ ਤੋਂ ਉੱਪਰ ਉੱਠ ਕੇ ਸਾਰਾ ਪਿੰਡ ਆਪਸੀ ਸਾਂਝ ਤੇ ਮੁਹੱਬਤ ਦੀਆਂ ਤੰਦਾਂ ਵਿਚ ਬੱਝਾ ਹੋਇਆ ਸੀ। ਸਾਂਝੀਵਾਲਤਾ ਦੀ ਅਜਿਹੀ ਸੋਚ ਨੂੰ ਗਤੀ ਤੇ ਦਿਸ਼ਾ ਦੇਣ ਲਈ ਪਿੰਡ ਵਾਸੀਆਂ ਕੋਲ ਪੁਰਾਣੀਆਂ ਰਵਾਇਤੀ ਕਹਾਣੀਆਂ, ਬਜ਼ੁਰਗਾਂ ਦੀਆਂ ਸਿਖਿਆਵਾਂ ਹੁੰਦੀਆਂ ਹਨ। ਖੇਤੀ ਦੇ ਧੰਦੇ ਵਿਚ ਕੰਮ ਦੇ ਦਿਨਾਂ ਤੋਂ ਬਾਅਦ ਕਾਫੀ ਵਿਹਲ ਹੁੰਦੀ ਹੈ। ਲੋਕ ਅਜਿਹੀ ਵਿਹਲ ਨੂੰ ਮਾਨਣ ਲਈ ਪਿੰਡ ਦੀਆਂ ਸੱਥਾਂ, ਤਖਤਪੋਸ਼ਾਂ ਜਾਂ ਟੱਪਾਂ ਹੇਠ ਬੈਠਦੇ ; ਤਾਸ਼ ਖੇਡਦੇ, ਵੱਡਿਆਂ ਤੋਂ ਇਤਹਾਸ, ਮਿਥਹਾਸ ਨਾਲ ਜੁੜੀਆਂ ਆਪਸੀ ਮੁਹੱਬਤ ਤੇ ਭਾਈਚਾਰਕ ਸਾਂਝ ਤੇ ਵਡੇਰਿਆਂ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਸੁਣਦੇ ; ਇਹੋ ਜਿਹੀਆਂ ਗੱਲਾਂ ਸੁਣਨ ਨਾਲ ਨਵੀਂ ਨਸਲ ਦੇ ਮਨ ਇਕ ਦੂਜੇ ਦੇ ਨੇੜੇ ਰਹਿੰਦੇ ਤੇ ਸੰਗਲੀ ਦੀਆਂ ਘੁਰੀਆਂ ਵਾਂਗ ਉਹ ਆਪੋ ਵਿਚ ਜੁੜੇ ਰਹਿੰਦੇ।[16] 'ਉਜਾੜ' ਵਿਚ ਤਾਂ ਕਹਾਣੀ ਦਾ ਕੇਂਦਰੀ ਨੁਕਤਾ ਸਾਂਝੀ ਬੈਠਣ ਵਾਲੀ ਥਾਂ ਟੱਪ ਦੁਆਲੇ ਘੁੰਮਦਾ ਹੈ। 'ਧਰਤੀ ਹੇਠਲਾ ਬੌਲਦ' ਵਿਚ ਜਦੋਂ ਕਰਮ ਸਿੰਘ ਛੁੱਟੀ ਆਉਂਦਾ ਤਾਂ, ਖੂਹ 'ਤੇ ਨ੍ਹਾਉਣ ਵਾਲਿਆਂ ਦੀਆਂ ਭੀੜਾਂ ਵਧ ਜਾਂਦੀਆਂ, ਸਿਆਲ ਦੀ ਅੱਧੀ ਅੱਧੀ ਰਾਤ ਲੋਕ ਠੰਢੀ ਹੋ ਰਹੀ ਭੱਠੀ ਦੇ ਸੇਕ ਆਸਰੇ ਬੈਠੇ ਕਰਮ ਸਿੰਘ ਦੀਆਂ ਗੱਲਾਂ ਸੁਣਦੇ ਰਹਿੰਦੇ।[17] ਇਸ ਪਿੱਛੇ ਭਾਈਚਾਰਕ ਭਾਵਨਾ ਵੀ ਕਾਰਜਸ਼ੀਲ ਹੁੰਦੀ ਤੇ ਪਿੰਡ ਵਾਸੀਆਂ ਨੂੰ ਆਪਣੇ ਗਿਆਨ ਨੂੰ ਨਵਿਆਉਣ ਤੇ ਉਸ ਵਿਚ ਵਾਧਾ ਕਰਨ ਦਾ ਮੌਕਾ ਵੀ ਮਿਲਦਾ।

ਇਸ ਪ੍ਰਕਾਰ ਵਿਰਕ ਤਤਕਾਲੀ ਕਿਸਾਨੀ ਸਮਾਜ ਦਾ ਸਭਿਆਚਾਰਕ ਮੁਹਾਂਦਰਾ ਸਿਰਜਣ ਦਾ ਕਲਾਤਮਕ ਉਪਰਾਲਾ ਕਰਦਾ ਹੈ। ਪਰ ਇਸ ਮੁਹਾਂਦਰੇ ਦੀ ਤਸਵੀਰ ਓਨਾ ਚਿਰ ਨਾ-ਮੁਕੰਮਲ ਅਤੇ ਅਧੂਰੀ ਹੈ, ਜਦੋਂ ਤੱਕ ਉਸ ਸਮਾਜ ਤੇ ਸਭਿਆਚਾਰ ਵਿਚ ਔਰਤ ਦੀ ਹੋਣੀ ਤੇ ਹੋਂਦ ਦਾ ਅਨੁਮਾਨ ਨਹੀਂ ਲਾ ਲਿਆ ਜਾਂਦਾ। ਵਿਰਕ ਆਪਣੀਆਂ ਕਹਾਣੀਆਂ ਵਿਚ ਔਰਤ ਬਾਰੇ ਬਹੁਤ ਹੀ ਸੰਵੇਦਨਸ਼ੀਲ ਹੈ ਤੇ ਨਵੇਂ ਸਮਾਜ ਦੀ ਉਸਾਰੀ ਵਿਚ ਔਰਤ ਦੇ ਰੋਲ ਦਾ ਮਹੱਤਵ ਉਹ ਚੰਗੀ ਤਰ੍ਹਾਂ ਜਾਣਦਾ ਹੈ ਤੇ ਸ਼ਹਿਰੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਵਿਚ ਉਹ ਨਵੀਂ ਔਰਤ ਦੇ ਵਿਭਿੰਨ ਚਿਤਰ ਉਲੀਕਦਾ

ਹੈ, ਪਰ ਇੱਥੇ ਸਾਡਾ ਵਾਸਤਾ ਸਿਰਫ਼ ਕਿਸਾਨੀ ਸਮਾਜ ਨਾਲ ਸੰਬੰਧਿਤ ਕਹਾਣੀਆਂ ਤਕ ਸੀਮਤ ਹੈ। ਜਿਵੇਂ ਕਿ ਅਸੀਂ ਵੇਖ ਹੀ ਚੁੱਕੇ ਹਾਂ ਕਿ ਵਿਰਕ ਦੀਆਂ ਕਹਾਣੀਆਂ ਵਿਚ ਵੀਹਵੀਂ ਸਦੀ ਦੇ ਸ਼ੁਰੂ ਹੋਣ ਤੋਂ ਲੈ ਕੇ ਵੀਹਵੀਂ ਸਦੀ ਦੇ ਅੱਧ ਜਾਂ ਉਸ ਤੋਂ ਕੁਝ ਸਾਲ ਪਿੱਛੋਂ ਦੇ ਕਿਸਾਨੀ ਜੀਵਨ ਦੀਆਂ ਝਾਕੀਆਂ ਪ੍ਰਸਤੁਤ ਹੋਈਆਂ ਹਨ। ਇਸ ਦੌਰ ਵਿਚ ਜਾਗੀਰਦਾਰੀ ਕਦਰਾਂ-ਕੀਮਤਾਂ ਦਾ ਬੋਲਬਾਲਾ ਸੀ ਅਤੇ ਇਸ ਦੌਰ ਦੇ ਸਮਾਜ ਵਿਚ ਔਰਤ ਦਾ ਦਰਜਾ ਮਰਦ ਨਾਲੋਂ ਨਿਮਨ ਦਰਜੇ ਦਾ ਸਮਝਿਆ ਜਾਂਦਾ ਸੀ। ਉਹ ਕਿਸੇ ਖੇਤਰ ਵਿਚ ਮਰਦ ਦੀ ਬਰਾਬਰੀ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦੀ। ਉਸਨੇ ਆਪਣੇ ਨਿਮਨ ਦਰਜੇ ਨੂੰ ਕੇਵਲ ਸਵੀਕਾਰ ਹੀ ਨਹੀਂ ਸੀ ਕੀਤਾ ਹੋਇਆ, ਸਗੋਂ ਇਸਨੂੰ ਆਪਣੇ ਜੀਵਨ ਦਾ ਇਕ ਪ੍ਰਤਿਮਾਨ ਵੀ ਬਣਾਇਆ ਹੋਇਆ ਸੀ। ਸਮਾਜਕ ਬਰਾਬਰੀ ਤਾਂ ਦੂਰ ਦੀ ਗੱਲ ਹੈ, ਉਹ ਤਾਂ ਘਰ ਵਿਚ ਵੀ ਮਰਦ ਦੇ ਬਰਾਬਰ ਬੈਠ ਵੀ ਨਹੀਂ ਸਕਦੀ ਸੀ, "ਕੋਈ ਪੇਕੇ ਆਈ ਭੈਣ, ਭੂਆ ਜਾਂ ਵੱਡੀ ਭਰਜਾਈ ਜਾਂ ਮਾਂ ਮਰਦਾਂ ਨਾਲ ਘਰ ਵਿਚ ਸਾਂਝੀ ਮੰਜੀ 'ਤੇ ਬਹਿ ਸਕਦੀਆਂ ਸਨ, ਪਰ ਵਹੁਟੀ ਜਾਂ ਤੇ ਖਲੋ ਕੇ ਗੱਲ ਕਰਦੀ ਜਾਂ ਥੋੜ੍ਹਾ ਜਿਹਾ ਪਰ੍ਹਾਂ ਮੂੜ੍ਹੇ 'ਤੇ ਬੈਠ ਕੇ।"[18]

ਅਜਿਹੀਆਂ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਕੁੜੀਆਂ ਨੂੰ ਬੋਝ ਸਮਝਿਆ ਜਾਂਦਾ ਸੀ। ਕਿਸਾਨੀ ਸਮਾਜ ਵਿਚ ਇਕ ਤਾਂ ਉਂਜ ਹੀ ਵਧੇਰੇ ਬੰਦਿਆਂ ਦੀ ਲੋੜ ਹੁੰਦੀ ਸੀ, ਇਸੇ ਕਰਕੇ ਪੁੱਤਾਂ ਦਾ ਜੰਮਣਾ ਖੁਸ਼ੀ ਤੇ ਧੀਆਂ ਦਾ ਜੰਮਣਾ ਸੋਗ ਵਰਤਾ ਦੇਂਦਾ ਸੀ। ਇਸ ਦਾ ਅੰਦਾਜ਼ਾ 'ਕਸ਼ਟ ਨਿਵਾਰਣ' ਕਹਾਣੀ ਦੇ ਮੁੱਖ ਪਾਤਰ ਦੇ ਇਨ੍ਹਾਂ ਬੋਲਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ, " ਮੈਂ ਪਿੰਡ ਵਿਚ ਮਾੜਾ ਵਾਂ। ਮੁੰਡਾ ਵੀ ਅਜੇ ਤਗੜਾ ਕੋਈ ਨਹੀਂ। ਪਹਿਲਾਂ ਧੀਆਂ ਈ ਹੋਈਆਂ। ਹੁਣ ਪਿਛਲੀ ਉਮਰੇ ਮੁੰਡਾ ਹੋਇਆ ਏ। ਅਜੇ ਬਾਲ ਈ ਏ। ਪਿੰਡ ਵਿਚ ਮੇਰੀ ਕੋਈ ਹਾਮੀ ਨਹੀਂ ਭਰਦਾ। ਇਸੇ ਲਈ ਮੈਨੂੰ ਰਗੜਾ ਲੱਗ ਗਿਆ ਏ।"[19] ਇਸ ਸਮਾਜ ਵਿਚ ਔਰਤ ਦਾ ਦਰਜਾ ਮਰਦ ਦੇ ਮੁਕਾਬਲੇ ਨੀਵਾਂ ਸੀ, ਪਰ ਵਿਰਕ ਖ਼ੁਦ ਔਰਤ-ਮਰਦ ਦੇ ਰਿਸ਼ਤੇ ਨੂੰ ਇਕ ਸੰਤੁਲਨ ਵਿਚ ਵੇਖਣ ਦਾ ਚਾਹਵਾਨ ਸੀ ਤੇ ਇਸੇ ਕਰਕੇ ਉਹ ਮਰਦ ਦੀ ਜ਼ਿੰਦਗੀ ਵਿਚ ਔਰਤ ਦੇ ਮੱਹਤਵ ਨੂੰ ਉਜਾਗਰ ਕਰਨ ਵਾਲੇ ਬਹੁਤ ਸਾਰੇ ਬਿਰਤਾਂਤ ਆਪਣੀ ਕਹਾਣੀਆਂ ਵਿਚ ਸਿਰਜਦਾ ਹੈ। 'ਛਾਹ

ਵੇਲਾ' ਵਿਚ ਅਣ-ਵਿਆਹਿਆ ਤੇਜੂ ਔਰਤ ਦੇ ਸਾਥ ਦੇ ਵਿਗੋਚੇ ਨੂੰ ਅਨੁਭਵ ਕਰਦਾ ਹੋਇਆ ਮਾਨਸਿਕ ਤੌਰ 'ਤੇ ਏਨਾ ਦੁਖੀ ਹੈ ਕਿ ਉਸਦਾ ਕੰਮ ਵਿਚ ਦਿਲ ਨਹੀਂ ਲੱਗਦਾ ਤੇ ਇਸ ਕਰਕੇ ਉਹ ਸਾਥੀ ਹਾਲੀਆਂ ਦੇ ਮਜ਼ਾਕ ਦਾ ਪਾਤਰ ਵੀ ਬਣਦਾ ਹੈ। ਪਰ ਛਾਹ ਵੇਲਾ ਖਾਣ ਵੇਲੇ ਕਿਸੇ ਦੂਜੇ ਹਾਲੀ ਦੀ ਪਤਨੀ, ਸ਼ਰੀਕੇ ਵਿਚੋਂ ਤੇਜੂ ਦੀ ਭਾਬੀ ਵੱਲੋਂ ਅੱਖ ਦੱਬ ਕੇ ਮਿਲੀ ਮੁਹੱਬਤ ਭਰੀ ਪ੍ਰਵਾਨਗੀ ਉਸਨੂੰ ਧੁਰ ਅੰਦਰੋਂ ਇਕ ਨਵੇਂ ਮਨੁੱਖ ਦੇ ਰੂਪ ਵਿਚ ਤਬਦੀਲ ਕਰ ਦੇਂਦੀ ਹੈ ਤੇ ਉਸ ਵਿਚ ਆਏ ਪਰਿਵਰਤਨ ਨੂੰ ਵੇਖ ਕੇ ਸਾਥੀ ਹਾਲੀ ਹੈਰਾਨ ਰਹਿ ਜਾਂਦੇ ਹਨ। ਇਸ ਤਰ੍ਹਾਂ ਇਹ ਸਿਰਫ਼ ਔਰਤ ਦੇ ਮਹੱਤਵ ਨੂੰ ਹੀ ਨਹੀਂ ਉਜਾਗਰ ਕਰਦੀ ਸਗੋਂ ਪਿੰਡ ਦੇ ਦ੍ਰਿਸ਼ ਤੇ ਔਰਤ ਮਰਦ ਵਿਚ ਚੋਰੀ ਦੇ ਰਿਸ਼ਤੇ ਦੀ ਝਾਕੀ ਵੀ ਪੇਸ਼ ਕਰਦੀ ਹੈ।

ਅਸਲ ਵਿਚ ਵਿਰਕ ਔਰਤ ਮਰਦ ਸੰਬੰਧਾਂ ਨੂੰ ਭੂਪਵਾਦੀ ਕੀਮਤਾਂ ਦੇ ਚੌਖਟੇ ਵਿਚ ਰੱਖ ਕੇ ਵੇਖਣ ਦੀ ਥਾਂ ਨਵੀਂ ਨਜ਼ਰ ਨਾਲ ਵੇਖਦਾ ਹੈ। ਉਹ ਔਰਤ ਮਰਦ ਸੰਬੰਧਾਂ ਨਾਲ ਜੁੜੀ ਵਿਖਾਵੇ ਦੀ ਨੈਤਿਕਤਾ ਦਾ ਮੁਦਈ ਨਹੀਂ। ਨਾ ਹੀ ਉਹ ਇਹ ਸਮਝਦਾ ਹੈ ਕਿ ਕੋਈ ਵਿਸ਼ਾ ਸਿਰਫ਼ ਇਸ ਕਰਕੇ ਅਯੋਗ ਹੈ ਕਿ ਸਮਾਜ ਉਸਨੂੰ ਵਰਜਣਾ ਦੇ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਉਸ ਅਨੁਸਾਰ ਜਿਹੜਾ ਜਜ਼ਬਾ ਲੱਖਾਂ ਦਿਲਾਂ ਵਿਚ ਧੜਕਦਾ ਹੈ ਉਸਨੂੰ ਸਾਹਿਤ ਵਿਚ ਪੇਸ਼ ਕਰਨਾ ਕਿਸੇ ਵੀ ਤਰ੍ਹਾਂ ਮਾੜੀ ਗੱਲ ਨਹੀਂ। ਇਸੇ ਕਰਕੇ ਵਿਰਕ ਨੇ ਚੜ੍ਹਦੀ ਜਵਾਨੀ ਵਿਚ ਨੌ-ਜਵਾਨ ਮੁੰਡੇ ਕੁੜੀਆਂ ਵਿਚਲੇ ਸਰੀਰਕ ਆਕਰਸ਼ਣ ਨੂੰ ਜ਼ੁਬਾਨ ਦੇਣ ਵਿਚ ਕੋਈ ਹਿਚਕਚਾਹਟ ਨਹੀਂ ਵਿਖਾਈ। ਵਿਰਕ ਦੀਆਂ ਕਹਾਣੀਆਂ ਦੇ ਵੇਰਵੇ ਦੱਸਦੇ ਹਨ ਕਿ ਵੱਡੀ ਉਮਰ ਤੱਕ ਕੁੜੀਆਂ ਮੁੰਡੇ ਰਲ ਕੇ ਖੇਡਦੇ ਰਹਿੰਦੇ ਸਨ। ਉਨ੍ਹਾਂ ਨੂੰ ਕੁੜੀ ਮੁੰਡੇ ਦਾ ਭਿੰਨ ਭੇਦ ਕਰਕੇ ਵੱਖਰਾ ਵਤੀਰਾ ਧਾਰਨ ਕਰਨ ਦੀ ਲੋੜ ਦੇਰ ਉਮਰ ਤੱਕ ਮਹਿਸੂਸ ਹੀ ਨਹੀਂ ਸੀ ਹੁੰਦੀ। ਅੱਜ ਦੀ ਪੀੜ੍ਹੀ ਦੇ ਉਲਟ ਉਨ੍ਹਾਂ ਵਿਚ ਲਿੰਗ ਖਿੱਚ ਜਾਂ ਕਾਮੁਕ ਵਤੀਰੇ ਦੀ ਸੋਝੀ ਜਾਂ ਲਲ੍ਹਕ ਦੇਰ ਨਾਲ ਪੈਦਾ ਹੁੰਦੀ ਸੀ।

ਵਿਰਕ ਨੇ ਹਾਣੀ ਮੁੰਡੇ ਕੁੜੀਆਂ ਦੀ ਆਪਸੀ ਖਿੱਚ ਦੀਆਂ ਵੀ ਬਹੁਤ ਸਾਰੀਆਂ ਝਾਕੀਆਂ ਆਪਣੀਆਂ ਕਹਾਣੀਆਂ ਵਿਚ ਪ੍ਰਸਤੁਤ ਕੀਤੀਆਂ ਹਨ। 'ਤੂੰ ਹੀ ਦੱਸ' ਕਹਾਣੀ ਦੀ ਪਾਤਰ

ਗੁਜਰੀ ਚਾਚੀ ਚੀਮੀ ਦੇ ਭਣੇਵੇ ਦੇ ਗੋਰਾ ਤੇ ਸੋਹਣਾ ਹੋਣ ਕਰਕੇ ਉਸ ਵੱਲ ਖਿੱਚੀ ਜਾਂਦੀ ਹੈ, ਪਰ ਗੁਜਰੀ ਨੂੰ ਆਪਣੀ ਸੁੰਦਰਤਾ ’ਤੇ ਵੀ ਮਾਣ ਹੈ। ਉਹ ਚਾਹੁੰਦੀ ਹੈ ਕਿ ਕਿਤੇ ਅਜਿਹਾ ਮੌਕਾ ਮਿਲੇ ਜਦੋਂ ਉਹ ਚਾਚੀ ਦੇ ਭਣੇਵੇ ਨੂੰ ਇਕਲਵੰਜੇ ਮਿਲੇ ਤੇ ਉਸ ਅੱਗੇ ਆਪਣੀ ਸੁੰਦਰਤਾ ਦਾ ਵਿਖਾਲਾ ਕਰਕੇ ਉਸ ਨੂੰ ਪੁੱਛੇ ਕਿ ਹੁਣ ਤੂੰ ਹੀ ਦੱਸ ਆਪਣੇ ਦੋਵਾਂ ਵਿਚੋਂ ਕੌਣ ਗੋਰਾ ਜਾਂ ਸੋਹਣਾ ਹੈ। ਅਸਲ ਵਿਚ ਧੁਰ ਅੰਦਰੋਂ ਉਹ ਸਮਝਦੀ ਹੈ ਕਿ ਉਨ੍ਹਾਂ ਦੋਹਾਂ ਦਾ ਸੁਹੱਪਣ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਸਾਥ ਲਈ ਵਾਜਬ ਕਾਰਣ ਹੈ। ਇਕ ਕੁੜੀ ਦੀ ਆਪਣੇ ਹੀ ਵਰਗੇ ਸੋਹਣੇ ਮੁੰਡੇ ਦੀ ਤਾਂਘ ਦੀ ਵਾਜਬੀਅਤ ਨੂੰ ਠਹਿਰਾਉਂਦਿਆਂ ਵਿਰਕ ਸਾਬਤ ਕਰਦਾ ਹੈ ਕਿ ਅਜਿਹੇ ਰਿਸ਼ਤੇ ਬਣ ਜਾਣੇ ਜਾਂ ਸੋਚਣੇ ਪ੍ਰਕ੍ਰਿਤਕ ਵਰਤਾਰਾ ਹੈ ਤੇ ਸਾਡੇ ਸਮਾਜਕ ਜਾਂ ਸਦਾਚਾਰਕ ਪ੍ਰਬੰਧ ਨੂੰ ਇਨ੍ਹਾਂ ਰਿਸ਼ਤਿਆਂ ਨੂੰ ਨੈਤਿਕਤਾ ਦੇ ਪੈਂਤੜੇ ਤੋਂ ਨਿੰਦਣ ਜਾਂ ਰੱਦ ਕਰਨ ਦੀ ਥਾਂ ਲੋੜੀਂਦੀ ਸਪੇਸ ਦੇਣੀ ਚਾਹੀਦੀ ਹੈ।

ਉਸ ਵੇਲੇ ਦੇ ਕਿਸਾਨੀ ਸਮਾਜ ਵਿਚ ਕੁੜੀ ਮੁੰਡੇ ਨੂੰ ਆਪਣਾ ਸਾਥੀ ਚੁਣਨ ਦੀ ਖੁਲ੍ਹ ਨਹੀਂ ਸੀ। ਕੁੜੀ ਲਈ ਵਰ ਦੀ ਚੋਣ ਮਾਪੇ ਜਾਂ ਲਾਗੀ ਕਰਦੇ ਸਨ। ਸੋ ਕੁੜੀਆਂ ਨੂੰ ਆਪਣੇ ਪਤੀ ਨੂੰ ਹੀ ਪ੍ਰੇਮੀ ਬਣਨ ਜਾਂ ਮੰਨਣ ਲਈ ਮਜਬੂਰ ਹੋਣਾ ਪੈਂਦਾ ਸੀ। ਮਾਪੇ ਵੀ ਹਾਣ-ਪਰਵਾਣ ਦਾ ਵਰ ਦੇਖਣ ਦੀ ਥਾਂ ਜ਼ਮੀਨ-ਜਾਇਦਾਦ ਜਾਂ ਕਿਸਾਨੀ ਸਮਾਜ ਵਿਚ ਸ਼ਾਨ ਨਾਲ ਵਿਚਰਣ ਲਈ ਉਨ੍ਹਾਂ ਦੇ ਟੱਬਰ ਦੀਆਂ ਬਾਹਵਾਂ ਕਿੰਨੀਆਂ ਹਨ, ਨੂੰ ਹੀ ਪਹਿਲ ਦੇਂਦੇ ਸਨ। ਇਹੋ ਕਾਰਣ ਹੈ ਕਿ ਸਾਡੇ ਲੋਕ ਗੀਤਾਂ ਵਿਚ ਬਾਬਲ ਵੱਲੋਂ ਹਾਣ ਦਾ ਵਰ ਨਾ ਟੋਲੇ ਜਾਣ ਦੇ ਅਨੇਕਾਂ ਹਉਕੇ ਵਰਗੇ ਗੀਤ ਮਿਲ ਜਾਂਦੇ ਹਨ। ਕੁਲਵੰਤ ਸਿੰਘ ਵਿਰਕ ਸੋਹਣੇ ਤੇ ਤਕੜੇ ਜੀਵਨ ਸਾਥੀ ਦੀ ਕੁੜੀ ਦੀ ਚਾਹਤ ਨੂੰ ਸਾਰਥਕ ਹੁੰਗਾਰਾ ਭਰਦਾ ਹੈ। ‘ਤੂੰ ਹੀ ਦੱਸ’ ਤੇ ‘ਮੂਹਲੀ ਜਿੱਡੇ ਡੌਲੇ’ ਵਿਚਲੇ ਹਵਾਲੇ ਇਸ ਹਕੀਕਤ ਵੱਲ ਸੰਕੇਤ ਕਰਦੇ ਹਨ ਕਿ ਜਿੱਥੇ ਕੁੜੀਆਂ ਦੀ ਅੰਦਰੂਨੀ ਮੰਗ ਸੋਹਣੇ ਵਰ ਦੀ ਹੁੰਦੀ ਹੈ ਉੱਥੇ ਉਹ ਇਹ ਵੀ ਚਾਹੁੰਦੀਆਂ ਹਨ ਕਿ ਉਨ੍ਹਾਂ ਦਾ ਸਾਥੀ ਜਾਂ ਹਾਣੀ ਸਰੀਰਕ ਪੱਖੋਂ ਵੀ ਤਕੜਾ ਤੇ ਮਜ਼ਬੂਤ ਹੋਵੇ ਕਿਉਂਕਿ ਖੇਤੀਬਾੜੀ ਵਾਲੇ ਸਮਾਜ ਵਿਚ ਕੰਮ ਕਰਨ ਲਈ ਤੇ ਲੜਨ-ਭਿੜਨ ਲਈ ਸਰੀਰਕ ਤਾਕਤ ਵੀ ਦਰਕਾਰ ਸੀ।

ਉਹਨਾਂ ਸਮਿਆਂ ਵਿਚ ਔਰਤਾਂ ਅਕਸਰ ਘਰ ਦਾ ਕੰਮ-ਕਾਜ ਕਰਦੀਆਂ ਸਨ। ਆਮ ਤੌਰ 'ਤੇ ਇਕ ਵਿਆਹ ਦੀ ਪ੍ਰਥਾ ਸੀ, ਪਰ ਕਈ ਸਰਦੇ-ਪੁਜਦੇ ਜ਼ਿਮੀਂਦਾਰ ਇਕ ਤੋਂ ਵਧੇਰੇ ਵਿਆਹ ਵੀ ਕਰਵਾ ਲੈਂਦੇ ਸਨ। 'ਦੋ ਝਾਕੀਆਂ' ਤੇ 'ਦੇ ਲੰਮੀ ਨਦਰਿ ਨਿਹਾਲੀਐ' ਵਿਚ ਅਜਿਹੇ ਵਿਆਹਾਂ ਦਾ ਜ਼ਿਕਰ ਹੈ ਜਿੱਥੇ ਇਕ ਤੋਂ ਬਾਅਦ ਦੂਜਾ ਵਿਆਹ ਕਰਵਾ ਕੇ ਪਹਿਲੀ ਵਹੁਟੀ ਦੇ ਸਿਰ 'ਤੇ ਸੌਂਕਣ ਲਿਆ ਬਿਠਾਈ ਗਈ। ਪਤੀ ਦਾ ਝੁਕਾਅ ਨਵੀਂ ਵਹੁਟੀ ਵੱਲ ਹੋ ਜਾਣਾ ਸੁਭਾਵਿਕ ਹੈ ਤੇ ਨਵੀਂ ਵਹੁਟੀ ਵੀ ਘਰ ਵਿਚ ਆਪਣਾ ਸਥਾਨ ਬਣਾਉਣ ਲਈ ਹਰ ਵੇਲੇ ਇਸੇ ਕੋਸ਼ਿਸ਼ ਵਿਚ ਲੱਗੀ ਰਹਿੰਦੀ ਕਿ ਉਹ ਪਤੀ ਦਾ ਦਿਲ ਜਿੱਤ ਲਵੇ ਤੇ ਸੌਂਕਣ ਕੋਲੋਂ ਪਤੀ ਦਾ ਪਿਆਰ ਖੋਹ ਕੇ ਆਪਣੇ ਵੱਸ ਕਰ ਲਵੇ ਤੇ ਅਜਿਹੇ ਹਾਲਾਤ ਵਿਚ ਕਈ ਵਾਰ ਪਹਿਲੀ ਪਤਨੀ ਰੋਟੀ ਤੋਂ ਵੀ ਆਤੁਰ ਹੋ ਜਾਂਦੀ ਹੈ। ਔਰਤ ਦੀ ਅਜਿਹੀ ਦੁਖਾਂਤ ਸਥਿਤੀ ਦਾ ਚਿਤਰ 'ਦੇ ਲੰਮੀ ਨਦਰਿ ਨਿਹਾਲੀਐ' ਵਿਚ ਮਿਲ ਜਾਂਦਾ ਹੈ। ਜਾਗੀਰਦਾਰੀ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਧੀਆਂ ਨੂੰ ਵਿਆਹੁਣਾ ਹਮੇਸ਼ਾ ਹੀ ਮਾਪਿਆਂ ਲਈ ਪਰੇਸ਼ਾਨੀ ਦਾ ਕਾਰਣ ਰਿਹਾ ਹੈ। ਪਹਿਲਾਂ ਤਾਂ ਧੀ ਲਈ ਚੰਗੇ ਵਰ ਘਰ ਦੀ ਤਲਾਸ਼ ਦਾ ਹੀ ਮਸਲਾ ਹੁੰਦਾ ਹੈ। ਇਸ ਤੋਂ ਉਪਰੰਤ ਧੀ ਦੇ ਵਿਆਹ 'ਤੇ ਹੋਣ ਵਾਲਾ ਖ਼ਰਚ ਵੀ ਇਕ ਵੱਡਾ ਕਾਰਣ ਹੈ ਧੀਆਂ ਨੂੰ ਬੋਝ ਸਮਝੇ ਜਾਣ ਦਾ। ਮਾਵਾਂ ਕਿਉਂਕਿ ਧੀਆਂ ਬਾਰੇ ਵਧੇਰੇ ਸੰਵੇਦਨਸ਼ੀਲ ਹੁੰਦੀਆਂ ਹਨ ਇਸ ਲਈ ਧੀ ਜੰਮਦੇ ਸਾਰ ਹੀ ਉਹਦਾ ਦਾਜ ਬਣਾਉਣ ਦੀ ਚਿੰਤਾ ਮਾਂ ਨੂੰ ਹੋ ਜਾਂਦੀ ਹੈ। ਦਾਜ ਬਾਰੇ ਮਾਵਾਂ ਦੀ ਸਿਖਰਲੀ ਸੰਵੇਦਨਸ਼ੀਲਤਾ ਦੀ ਝਾਕੀ ਸਾਨੂੰ 'ਕੁੜੀ ਦਾ ਦਾਜ' ਕਹਾਣੀ ਵਿਚੋਂ ਪ੍ਰਾਪਤ ਹੁੰਦੀ ਹੈ। ਦੇਸ਼ ਦੀ ਵੰਡ ਨਾਲ ਸੰਬੰਧਿਤ ਇਸ ਕਹਾਣੀ ਵਿਚ ਸਿੱਖ ਪਰਿਵਾਰ ਦੇ ਪਿੰਡੋਂ ਨਿਕਲਣ ਦਾ ਬਿਰਤਾਂਤ ਹੈ। ਹਮਲਾਵਰ ਲੁਟੇਰੇ ਸਿਰ 'ਤੇ ਹਨ। ਸਾਰਾ ਪਿੰਡ ਭਰੇ ਘਰ ਛੱਡ ਕੇ ਜਾਨ ਬਚਾਉਣ ਲਈ ਦੌੜ ਰਿਹਾ ਹੈ ਪਰ ਸਿਖਰਲੀ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਘਰੋਂ ਬਾਹਰ ਨਿਕਲ ਕੇ ਘਰ ਦੀ ਸੁਆਣੀ ਵਾਪਸ ਮੁੜਦੀ ਹੈ ਤੇ ਘਰੋਂ ਗਾਗਰ ਤੇ ਵਲਟੋਹੀ ਚੱਕ ਕੇ ਲੈ ਆਉਂਦੀ ਹੈ। ਉਹਦਾ ਖਿਆਲ ਹੈ ਕਿ ਉਹ ਆਪਣੀ ਛੋਟੀ ਕੁੜੀ ਦੇ ਦਾਜ ਵਿਚ ਇਹ ਭਾਂਡੇ ਉਸਨੂੰ ਦੇਵੇਗੀ। ਇਹ ਕਹਾਣੀ ਕੇਵਲ ਦਾਜ ਨਾਲ ਜੁੜੀ ਮਾਂ ਦੀ ਚਿੰਤਾ ਹੀ

ਵਿਅਕਤ ਨਹੀਂ ਕਰਦੀ ਸਗੋਂ ਧੀ ਨਾਲ ਮਾਂ ਦੀ ਅਤਿ ਨੇੜਲੀ ਮੁਹੱਬਤੀ ਸਾਂਝ ਦਾ ਹੁੰਗਾਰਾ ਵੀ ਦਿੰਦੀ ਹੈ।

ਧੀ ਦੇ ਵਿਆਹ ਤੋਂ ਬਾਅਦ ਵੀ ਮਾਪਿਆਂ ਦੀ ਚਿੰਤਾ ਖ਼ਤਮ ਨਹੀਂ ਹੋ ਜਾਂਦੀ ਤੇ ਨਾ ਹੀ ਜ਼ਿੰਮੇਵਾਰੀ। 'ਪੰਜਾਹ ਰੁਪਏ' ਕਹਾਣੀ ਵਿਚ ਬੱਖਾ ਸਿੰਘ ਦੀ ਪਤਨੀ ਸੇਖਮ ਨੂੰ ਚਿੰਤਾ ਹੈ ਕਿ ਧੀ ਦੇ ਘਰ ਬੱਚਾ ਪੈਦਾ ਹੋਣ ਮਗਰੋਂ ਧੀ ਨੂੰ ਰਸਮ ਅਨੁਸਾਰ ਪੇਕੇ ਲਿਆਉਣਾ ਮਾਪਿਆਂ ਦੀ ਸਮਾਜਕ ਜ਼ਿੰਮੇਵਾਰੀ ਬਣਦੀ ਹੈ ਤੇ ਇਸ ਰਸਮ ਦੀ ਪੂਰਤੀ ਲਈ ਉਨ੍ਹਾਂ ਨੂੰ ਕਰਜ਼ਾ ਵੀ ਚੁੱਕਣਾ ਪੈਂਦਾ ਹੈ। ਇਸ ਤਰ੍ਹਾਂ ਮਾਪੇ ਧੀਆਂ ਧਿਆਣੀਆਂ ਦੇ ਦੁੱਖ-ਸੁੱਖ ਵਿਚ ਸਾਰੀ ਉਮਰ ਸ਼ਰੀਕ ਰਹਿੰਦੇ ਹਨ। ਧੀ, ਮਾਂ ਦੀ ਰੂਹ ਅਤੇ ਜਿਸਮ ਦਾ ਇਸ ਕਦਰ ਜੁੜਵਾਂ ਭਾਗ ਹੁੰਦੀ ਹੈ ਕਿ ਮਾਂ ਧੀ ਬਿਨਾਂ ਆਪਣੇ ਆਪ ਨੂੰ ਅਧੂਰੀ ਸਮਝਦੀ ਹੈ। ਵਿਆਹੀਆਂ ਧੀਆਂ ਜਦੋਂ ਮਾਂ ਕੋਲ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਧੀ ਦੇ ਵਿਛੋੜੇ ਨਾਲ ਟੁੱਟਿਆ ਮਾਤ-ਆਪਾ ਮੁੜ ਤੋਂ ਮੁਕੰਮਲ ਹੋ ਗਿਆ ਲਗਦਾ ਹੈ, "ਜਿਸ ਤਰ੍ਹਾਂ ਘੜੇ ਨਾਲੋਂ ਲੱਥੀ ਬੱਬਰੀ ਨੂੰ ਮੁੜ ਕੇ ਰੱਖਣ ਨਾਲ ਘੜਾ ਫਿਰ ਪੂਰਾ ਤੇ ਸਬੂਤਾ ਲੱਗਣ ਲੱਗ ਜਾਂਦਾ ਏ ਕੁਝ ਏਸੇ ਤਰ੍ਹਾਂ ਹੀ ਪ੍ਰੀਤੋ ਦੇ ਘਰ ਆਉਣ ਨਾਲ ਉਸਦੀ ਮਾਂ ਨੂੰ ਹੁੰਦਾ।"[20] ਅਸੀਂ ਵੇਖਦੇ ਹਾਂ ਕਿ ਵਿਰਕ ਨੇ ਪੰਜਾਬ ਦੇ ਕਿਸਾਨੀ ਸਮਾਜ ਵਿਚ ਮਾਂ ਧੀ ਦੇ ਆਪਸੀ ਸਨੇਹ ਅਤੇ ਪਿਆਰ ਨੂੰ ਪੰਜਾਬ ਦੇ ਸਭਿਆਚਾਰਕ ਚੌਖਟੇ ਵਿਚ ਕਮਾਲ ਦੀ ਹੁਨਰਮੰਦੀ ਨਾਲ ਬੀੜਿਆ ਹੈ।

ਔਰਤ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਉਹ ਸਿਰਜਣਹਾਰ ਹੈ। ਉਸ ਵਿਚ ਮਰਦ ਨਾਲੋਂ ਬਰਦਾਸ਼ਤ ਕਰਨ ਦੀ ਸ਼ਕਤੀ ਵਧੇਰੇ ਹੈ। ਉਹ ਆਪਣੇ ਆਪ ਨੂੰ ਹਾਲਾਤ ਦੇ ਮੁਤਾਬਕ ਢਾਲ ਸਕਣ ਦੀ ਵਡੇਰੀ ਸਮਰਥਾ ਦੀ ਮਾਲਕ ਵੀ ਹੈ। ਆਪਣਾ ਘਰ-ਪਰਿਵਾਰ ਛੱਡ ਕੇ ਸਹੁਰੇ ਘਰ ਜਾਂਦੀ ਹੈ ਤਾਂ ਅਸਲੋਂ ਨਵੇਂ ਸੰਸਾਰ ਵਿਚ ਪੈਰ ਰੱਖਦੀ ਹੈ। ਪਿਛਲੀ ਥਾਂ ਤੋਂ ਜੜ੍ਹਾਂ ਤੋਂ ਉੱਖੜੀ ਉਹ ਨਵੀਂ ਥਾਂ 'ਤੇ ਜੜ੍ਹਾਂ ਲਾ ਕੇ ਨਵਾਂ ਜੀਵਨ ਸ਼ੁਰੂ ਕਰਦੀ ਹੈ। ਔਰਤ ਦੀ ਨਵੇਂ ਹਾਲਾਤ ਨਾਲ ਨਿਪਟਣ ਦੀ ਤੇ ਉਸ ਅਨੁਕੂਲ ਆਪਣੇ ਆਪ ਨੂੰ ਢਾਲ ਸਕਣ ਤੇ ਆਪਣੀਆਂ ਜੜ੍ਹਾਂ ਨਵੀਂ ਜ਼ਮੀਨ ਵਿਚ

ਗੱਡ ਸਕਣ ਦੀ ਅਥਾਹ ਸਮਰਥਾ ਦੀ ਉਦਾਹਰਣ 'ਖੱਬਲ'[21] ਕਹਾਣੀ ਵਿਚੋਂ ਵੇਖੀ ਜਾ ਸਕਦੀ ਹੈ। ਦੇਸ਼ ਵੰਡ ਵੇਲੇ ਇਕ ਸਿੱਖ ਔਰਤ ਦੇ ਪਰਿਵਾਰ ਦੇ ਸਾਰੇ ਜੀਅ ਮਾਰੇ ਗਏ ਹਨ ਮੁਸਲਮਾਨਾਂ ਨੇ ਉਸ ਨੂੰ ਉਧਾਲ ਕੇ ਆਪਣੇ ਘਰ ਪਾ ਲਿਆ ਹੈ, ਬੀਮਾਰ ਪਈ ਹੋਈ ਹੈ। ਇਸ ਅਤਿ ਦੀ ਭਿਆਨਕ ਤੇ ਦੁਖਾਂਤਕ ਸਥਿਤੀ ਵਿਚ ਉਹ ਉਧਾਲੀਆਂ ਇਸਤਰੀਆਂ ਨੂੰ ਭਾਰਤ ਲਿਆਉਣ ਵਾਲੇ ਅਫ਼ਸਰ ਨੂੰ ਬੇਨਤੀ ਕਰਦੀ ਹੈ ਕਿ ਉਹ ਉਸਦੀ ਇਕੋ-ਇਕ ਉਧਾਲੀ ਗਈ ਨਣਾਨ ਨੂੰ ਮੁੜਵਾ ਦੇਵੇ ਤੇ ਉਸਨੂੰ ਮਿਲਾ ਦੇਵੇ। ਉਹ ਉਸਨੂੰ ਵਿਆਹ ਕੇ ਰਿਸ਼ਤਿਆਂ ਦੀ ਜ਼ਮੀਨ ਵਿਚ ਮੁੜ ਤੋਂ ਜੜ੍ਹਾਂ ਲਾਉਣ ਲਈ ਤਤਪਰ ਹੈ। ਅਤਿ ਦੀਆਂ ਪ੍ਰਤਿਕੂਲ ਸਥਿਤੀਆਂ ਵਿਚ ਵੀ ਸੁੱਕੇ ਹੋਏ ਖੱਬਲ ਘਾਹ ਵਾਂਗ ਧਰਤੀ ਵਿਚ ਮੁੜ ਜੜ੍ਹਾਂ ਲਾ ਸਕਣ ਦੀ ਸਮਰਥਾ ਨੂੰ ਪ੍ਰਗਟਾਉਂਦੀ ਇਹ ਵਿਰਕ ਦੀ ਕਲਾਸਿਕ ਮੱਹਤਵ ਅਖ਼ਤਿਆਰ ਕਰ ਗਈ ਕਹਾਣੀ ਹੈ ਜੋ ਪੰਜਾਬੀ ਕਿਸਾਨ ਔਰਤ ਦੇ ਬਲਵਾਨ ਅਕਸ ਨੂੰ ਪੇਸ਼ ਕਰਦੀ ਹੈ।

ਔਰਤ ਹੀ ਨਹੀਂ ਪੰਜਾਬ ਦੇ ਕਿਸਾਨੀ ਭਾਈਚਾਰੇ ਵਿਚ ਮਰਦ ਕੋਲ ਵੀ ਦੁੱਖ ਨੂੰ ਸਹਿ ਸਕਣ ਦੀ ਬੇਮਿਸਾਲ ਸਮਰਥਾ ਹੈ। ਅਸਲ ਵਿਚ ਪੰਜਾਬ ਦਾ ਕਿਸਾਨ ਹਮੇਸ਼ਾ ਹੀ ਦੁੱਖਾਂ ਦੇ ਸਨਮੁੱਖ ਰਿਹਾ ਹੈ, ''ਧਰਤੀ ਦੀ ਹਿੱਕ ਚੀਰਦੇ, ਧਰਤੀ ਜਿੱਡੇ ਜੇਰਿਆਂ ਵਾਲੇ, ਇਹ ਲੋਕ ਸਿਰਾਂ ਉੱਤੇ ਪਏ ਸੰਕਟਾਂ ਦੇ ਸਨਮੁੱਖ ਹੋਣਾ ਤੇ ਉਹਨਾਂ ਨੂੰ ਸਹਿਣਾ ਜਾਣਦੇ ਸਨ।''[22] ਇਸ ਦੀ ਸਭ ਤੋਂ ਢੁੱਕਵੀਂ ਉਦਾਹਰਣ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ'[23] ਹੈ। ਇਸ ਕਹਾਣੀ ਵਿਚ ਬਜ਼ੁਰਗ ਬਾਪ ਆਪਣੇ ਜਵਾਨ ਪੁੱਤ ਦੀ ਮੌਤ ਦੀ ਖ਼ਬਰ ਆਪਣੇ ਪੁੱਤ ਦੇ ਦੋਸਤ ਕੋਲੋਂ ਲੁਕਾਈ ਰੱਖਦਾ ਹੈ ਤਾਂ ਕਿ ਉਸਦੀ ਛੁੱਟੀ ਖਰਾਬ ਨਾ ਹੋ ਜਾਵੇ। ਇਹ ਕਹਾਣੀ ਦੂਜੇ ਦੇ ਸੁਖ ਲਈ ਆਪ ਦੁੱਖ ਸਹਿ ਸਕਣ ਦੀ ਸਾਧਾਰਨ ਬੰਦੇ ਦੀ ਅਸਾਧਾਰਣ ਸਮਰਥਾ ਦਾ ਬਿਰਤਾਂਤ ਹੈ। ਲੇਖਕ ਅਨੁਸਾਰ ਕਰਮ ਸਿੰਘ ਦੇ ਬਾਪ ਅੰਦਰਲੀ ਅਜਿਹੀ ਸਮਰਥਾ ਦਾ ਪ੍ਰੇਰਣਾ ਸਰੋਤ ਮਾਝੇ ਦੇ ਇਲਾਕੇ ਦਾ ਵਿਸ਼ੇਸ਼ ਇਤਿਹਾਸਕ ਪਿਛੋਕੜ ਹੈ ; ਜਿੱਥੋਂ ਦੇ ਬਹਾਦਰ ਲੋਕਾਂ ਨੇ ਵਿਦੇਸ਼ੀ ਧਾੜਵੀਆਂ ਦਾ ਡਟ ਕੇ ਮੁਕਾਬਲਾ ਕੀਤਾ। ਮਾਝੇ ਵਿਚ ਥਾਂ-ਥਾਂ 'ਤੇ ਉਨ੍ਹਾਂ ਸੂਰਬੀਰਾਂ ਦੀਆਂ ਬਣੀਆਂ ਯਾਦਗਾਰਾਂ ਆਉਣ ਵਾਲੀਆਂ

ਪੀੜ੍ਹੀਆਂ ਲਈ ਪ੍ਰੇਰਣਾ ਦਾ ਸੋਮਾ ਬਣੀਆਂ ਰਹੀਆਂ ਹਨ। ਕਰਮ ਸਿੰਘ ਦੇ ਬਾਪ ਦੀ ਸਹਿਣ ਸ਼ਕਤੀ ਪਿੱਛੇ ਵੀ ਮਾਝੇ ਦਾ ਇਹੋ ਇਤਹਾਸ ਕਾਰਜਸ਼ੀਲ ਹੈ। ਉਂਜ ਵੀ ਇਕ ਕਿਸਾਨ ਦਾ ਜੀਵਨ ਵਧੇਰੇ ਖੇਚਲ ਤੇ ਤਕਲੀਫ਼ ਸਹਿਣ ਦਾ ਆਦੀ ਰਿਹਾ ਹੋਣ ਕਰਕੇ ਉਸ ਵਿਚ ਸਹਿਣ-ਸ਼ਕਤੀ ਦੀ ਮਾਤਰਾ ਕੁਝ ਵਧੇਰੇ ਹੁੰਦੀ ਹੈ।''[24]

ਵਿਰਕ ਦੀਆਂ ਕਹਾਣੀਆਂ ਵਿਚ ਪਿੰਡ ਦੀ ਪੱਧਰ 'ਤੇ ਸਮਾਜਕ-ਆਰਥਕ ਬਣਤਰ ਮੁਤਾਬਕ ਮੁੱਖ ਤੌਰ 'ਤੇ ਤਿੰਨ ਹਿੱਸੇ ਬਣਦੇ ਹਨ। ਇਕ ਜ਼ਮੀਨ ਮਾਲਕ, ਦੂਜਾ ਮੁਜਾਰੇ ਤੇ ਤੀਜਾ ਜ਼ਮੀਨ ਮਾਲਕਾਂ ਲਈ ਕੰਮ ਕਰਨ ਵਾਲੇ ਕਾਰੀਗਰ ਲੋਹਾਰ, ਤਰਖਾਣ ਜਾਂ ਹੋਰ ਦੂਜੀਆਂ ਨਿਮਨ ਸ਼੍ਰੇਣੀਆਂ ਦੇ ਲੋਕ। ਵੱਖ-ਵੱਖ ਆਰਥਕ-ਸਮਾਜਕ ਹੈਸੀਅਤ ਰੱਖਣ ਵਾਲੇ ਇਹ ਸਾਰੇ ਵਰਗ ਆਮ ਤੌਰ 'ਤੇ ਸੰਯੁਕਤ ਸਭਿਆਚਾਰਕ ਇਕਾਈ ਦਾ ਹੀ ਅੰਗ ਹੁੰਦੇ ਹਨ ; ਵਿਰਕ ਇਨ੍ਹਾਂ ਵਿਭਿੰਨ ਵਰਗਾਂ ਦੇ ਪੇਂਡੂ ਲੋਕਾਂ ਦਾ ਪਰਸਪਰ ਟਕਰਾਓ ਘੱਟ ਅਤੇ ਵੱਖ-ਵੱਖ ਪੱਧਰਾਂ 'ਤੇ ਸਾਂਝ, ਵਰਤੋਂ ਵਿਹਾਰ ਅਤੇ ਸਮੂਹਕ ਕੀਮਤਾਂ ਦਾ ਸੂਖਮ ਛੂਹਾਂ, ਰੌਚਕ ਘਟਨਾਵਾਂ ਅਤੇ ਨਿਵੇਕਲੇ ਪਾਤਰਾਂ ਰਾਹੀਂ ਪ੍ਰਗਟਾ ਅਧਿਕ ਕਰਦਾ ਹੈ। ਪਿੰਡ ਵਿਚ ਸਾਰੀਆਂ ਜਾਤੀਆਂ ਦੇ ਲੋਕ ਆਪਸ ਵਿਚ ਜਾਤੀ, ਆਰਥਕ ਅਤੇ ਹੋਰ ਵੰਡਾਂ ਵਿਚ ਵਿਚਰਦੇ ਹੋਏ ਵੀ ਇਕ ਵਿਆਪਕ ਮਾਨਵੀ ਭਾਈਚਾਰੇ ਦੇ ਅੰਗ ਵਜੋਂ ਮਿਲ ਕੇ ਰਹਿੰਦੇ ਹਨ।[25] ਉਹ ਪਿੰਡ ਨੂੰ ਪੈਣ ਵਾਲੀ ਮੁਸੀਬਤ ਦੇ ਟਾਕਰੇ ਸਮੇਂ ਇਕੱਠੇ ਹੋ ਜਾਂਦੇ ਹਨ।[26] ਕਈ ਵਾਰ ਸਕਿਆਂ-ਸਾਂਝੀਆਂ ਦੇ ਪਰਿਵਾਰ ਆਪਸੀ ਸਾਂਝ-ਭਿਆਲੀ ਨਾਲ ਖੇਤੀ ਦਾ ਕੰਮ ਵੀ ਕਰਦੇ ਹਨ।[27] ਵਾਹੀ ਬਿਜਾਈ ਵੇਲੇ ਕੰਮ ਦਾ ਜ਼ੋਰ ਵੱਧ ਜਾਣ ਕਰਕੇ ਪਿੰਡ ਵਾਸੀ ਮਿਲ-ਜੁਲਕੇ ਇਕ ਦੂਜੇ ਦੇ ਖੇਤਾਂ ਵਿਚ ਕੰਮ ਕਰਦੇ। ਇਸਨੂੰ ਮੰਗ ਪਾਉਣਾ ਜਾਂ ਆਵ੍ਰਤ ਦਾ ਨਾਮ ਵੀ ਦਿੱਤਾ ਜਾਂਦਾ ਸੀ। ਇਕ ਪਰਿਵਾਰ ਦਾ ਕੰਮ ਨਿੱਬੜ ਜਾਂਦਾ ਤਾਂ ਉਹ ਦੂਜੇ ਦਾ ਕੰਮ ਨਿਬੇੜਨ ਵਿਚ ਉਹਦੀ ਮਦਦ ਕਰਦਾ। ਇਸਦੇ ਵੇਰਵੇ 'ਛਾਹ ਵੇਲਾ'[28] ਕਹਾਣੀ ਵਿਚੋਂ ਮਿਲ ਜਾਂਦੇ ਹਨ। ਉਹ ਇਕ ਦੂਜੇ ਦੀ ਲੋੜ ਸਾਰਨ ਲਈ ਦੂਜੇ ਪਿੰਡਾਂ ਵਿਚ ਵੱਸਦੇ ਰਿਸ਼ਤੇਦਾਰਾਂ ਨੂੰ ਆਸਰਾ ਵੀ ਦੇਂਦੇ/ਲੈਂਦੇ ਹਨ। ਔੜ ਕਾਰਣ ਚਰਾਂਦਾ ਸੁੱਕ ਜਾਣ ਕਰਕੇ 'ਮੂਹਲੀ ਜਿੱਡੇ ਡੌਲੇ'[29]

ਵਿਚ ਖੜਕੂ ਆਪਣਾ ਮਾਲ-ਡੰਗਰ ਲੈ ਕੇ ਨਾਨਕੇ ਪਿੰਡ ਚਲਾ ਜਾਂਦਾ ਹੈ ਤੇ ਨਾਨਕੇ ਵੀ ਇਸ ਔਖ ਦੀ ਘੜੀ ਵਿਚ ਉਸ ਦਾ ਪੂਰਾ ਸਾਥ ਦੇਂਦੇ ਹਨ।

ਖੇਤੀ ਬਾੜੀ ਆਧਾਰਿਤ ਕਿਸਾਨੀ ਸਮਾਜ ਦੀ ਅਨਿਵਾਰੀ ਮਜਬੂਰੀ ਹੈ ਕਿ ਹਰੇਕ ਨਵੀਂ ਪੀੜ੍ਹੀ ਦੀ ਆਮਦ ਨਾਲ ਜ਼ਮੀਨ 'ਤੇ ਨਿਰਭਰ ਲੋਕਾਂ ਦੀ ਗਿਣਤੀ ਵਧਦੀ ਜਾਂਦੀ ਹੈ ਤੇ ਵੰਡ-ਵੰਡਾਈ ਕਾਰਣ ਜ਼ਮੀਨ ਦੀਆਂ ਹਿੱਸੇਦਾਰੀਆਂ ਛੋਟੀਆਂ ਹੁੰਦੀਆਂ ਜਾਂਦੀਆਂ ਹਨ। ਪਰਿਵਾਰ ਦੇ ਨਵੇਂ ਜੀਆਂ ਨੂੰ ਰੋਟੀ-ਰੋਜ਼ੀ ਦੀ ਤਲਾਸ਼ ਲਈ ਨਵੇਂ ਧੰਦਿਆਂ ਦੀ ਚੋਣ ਕਰਨੀ ਪੈਂਦੀ ਹੈ। ਇਸ ਲਈ ਨਵੇਂ ਕਿੱਤੇ ਅਪਨਾਉਣ ਵਾਲੇ ਲੋਕਾਂ ਦੀ ਸੋਚ, ਜੀਵਨ ਸ਼ੈਲੀ ਤੇ ਵਿਹਾਰ ਵਿਚ ਵੀ ਪਰਿਵਰਤਨ ਵਾਪਰਨ ਲੱਗਦਾ ਹੈ। ਵਿਰਕ ਦੀਆਂ ਕਹਾਣੀਆਂ ਇਸ ਨਵੀਂ ਤਬਦੀਲੀ ਨੂੰ ਪੇਸ਼ ਕਰਦੀਆਂ ਹਨ। ਅੰਗਰੇਜ਼ਾਂ ਦੀ ਆਮਦ ਨਾਲ ਸ਼ੁਰੂ ਹੋਇਆ ਨਵਾਂ ਵਿਦਿਅਕ ਪ੍ਰਬੰਧ ਵਿਕਸਿਤ ਹੋ ਰਿਹਾ ਸੀ। ਪਿੰਡਾਂ ਦੇ ਜੀਵਨ ਤੇ ਸੋਚ ਵਿਚ ਸ਼ਹਿਰਾਂ ਦਾ ਦਖਲ ਵਧ ਰਿਹਾ ਸੀ। ਰੁਜ਼ਗਾਰ ਦੀ ਭਾਲ ਵਿਚ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਆਉਣ ਲੱਗੇ ਸਨ। ਕੋਈ ਫ਼ੌਜ ਵਿਚ ਚਲਾ ਗਿਆ, ਕੋਈ ਬਾਹਰਲੇ ਦੇਸ਼ਾਂ ਨੂੰ ਤੁਰ ਗਿਆ, ਕੋਈ ਸ਼ਹਿਰ ਨੌਕਰੀ ਕਰਨ ਲੱਗਾ। ਉਸ ਵੇਲੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਚਲ ਰਹੀ ਸੀ। ਨਵੇਂ ਸਿਆਸੀ ਵਿਚਾਰਾਂ ਦਾ ਅਸਰ ਵੀ ਨਵੀਆਂ ਪੀੜ੍ਹੀਆਂ 'ਤੇ ਪੈ ਰਿਹਾ ਸੀ। ਲੋਕਾਂ ਦਾ ਪਰੰਪਰਾਗਤ ਨਜ਼ਰੀਆ ਤਬਦੀਲ ਹੋ ਰਿਹਾ ਸੀ। ਇਸ ਨਵੇਂ ਨਜ਼ਰੀਏ ਦਾ ਪੁਰਾਣੇ ਨਾਲ ਟਕਰਾਅ ਆਉਣਾ ਸੁਭਾਵਿਕ ਸੀ। ਵਿਰਕ ਦੀ ਕਹਾਣੀ ਕਲਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਨੇ ਪੁਰਾਣੇ ਤੇ ਨਵੇਂ ਦੋਹਾਂ ਤਰ੍ਹਾਂ ਦੀ ਜੀਵਨ ਜਾਚ ਦੇ ਚਿਤਰ ਪੇਸ਼ ਕੀਤੇ ਹਨ। ਉਹ ਬਦਲ ਰਹੇ ਨਵੇਂ ਤੇ ਸਥਿਰ ਹੋ ਚੁੱਕੇ ਪੁਰਾਣੇ ਪੰਜਾਬੀ ਮਨ ਦੇ ਤਣਾਉਸ਼ੀਲ ਰਿਸ਼ਤੇ ਨੂੰ ਬੜੀ ਮੁਹਾਰਤ ਨਾਲ ਪੇਸ਼ ਕਰਦਾ ਹੈ। ਨਵੀਆਂ ਆਰਥਿਕ ਜ਼ਰੂਰਤਾਂ ਨੇ ਕਿਸਾਨੀ ਸਮਾਜ ਵਿਚ ਤਬਦੀਲੀ ਲਿਆਉਣੀ ਸ਼ੁਰੂ ਕਰ ਦਿੱਤੀ ਸੀ। ਮੱਧਕਾਲੀ ਕਿਸਾਨੀ ਵਿਹਾਰ ਦੀ ਥਾਂ ਰਿਸ਼ਤਿਆਂ ਵਿਚ ਨਿੱਜ ਮੁੱਖਤਾ ਦਾ ਦਖ਼ਲ ਵਧਣ ਲੱਗਾ। ਨਵੀਂ ਤੇ ਪੁਰਾਣੀ ਸੋਚ ਦੇ ਟਕਰਾਅ ਨਾਲ ਪੁਰਾਣੀ ਜੀਵਨ ਜਾਚ ਦਾ ਟੁੱਟਣਾ ਸੁਭਾਵਿਕ ਸੀ। ਵਿਰਕ ਨੇ ਇਸ ਟੁੱਟ-ਭੱਜ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ,

“ ‘ਤੂੜੀ ਦੀ ਪੰਡ’ ਵਿਚ ਚੱਠੇ ਸਰਦਾਰਾਂ ਦਾ ਮੁੰਡਾ ਜ਼ਮੀਨ ਥੋੜ੍ਹੀ ਹੋਣ ਕਰਕੇ ਟਾਂਗਾ ਵਾਹੁਣਾ ਸ਼ੁਰੂ ਕਰ ਦਿੰਦਾ ਹੈ। ਫੌਜੀ ਚੱਠੇ ਦੀ ਵਿਆਹ ਕੇ ਛੱਡੀ ਤੀਵੀਂ ਆਪਣਾ ਝੱਟ ਟਪਾਉਣ ਲਈ ਕਿਸੇ ਸ਼ਹਿਰੀ ਸਰਦਾਰ ਦੇ ਘਰ ਨੌਕਰੀ ਕਰ ਲੈਂਦੀ ਹੈ। ਨਿਸ਼ਾਨਾ ਜੱਟ ਤਸੀਲਦਾਰ ਦਾ ਅਰਦਲੀ ਲੱਗ ਗਿਆ ਹੈ। ਚੱਠਿਆਂ ਦਾ ਮੁੰਡਾ ਦਲਿਤਾਂ ਦੇ ਮੁੰਡਿਆਂ ਨਾਲ ਅੰਮ੍ਰਿਤਸਰ ਨੇੜੇ ਨਾਖਾਂ ਦੇ ਬਾਗ਼ ਵਿਚ ਰਾਖੀ ਕਰ ਰਿਹਾ ਹੈ।”[30]

ਕੁਲਵੰਤ ਸਿੰਘ ਵਿਰਕ ਸਮੇਂ ਦੀ ਇਤਿਹਾਸਕ ਚਾਲ ਨੂੰ ਸਮਝਦਾ ਹੈ। ਇਸੇ ਕਰਕੇ ਉਹ ਨਵੇਂ ਵਰਤਾਰਿਆਂ ਨੂੰ ਸਹਿਜਤਾ ਨਾਲ ਪ੍ਰਵਾਨ ਕਰਦਾ ਹੈ। ਇਸਦੇ ਬਾਵਜੂਦ ਉਹ ਪੁਰਾਣੇ ਪ੍ਰਤਿ ਕਿਸੇ ਨਫ਼ਰਤ ਜਾਂ ਹਿਕਾਰਤ ਦਾ ਪ੍ਰਗਟਾਵਾ ਨਹੀਂ ਕਰਦਾ। ਸਗੋਂ, ਦੋਹਾਂ ਯੁੱਗਾਂ ਦੀ ਸੋਚ ਦੀ ਤਣਾਉਸ਼ੀਲ ਰਿਸ਼ਤਗੀ ਨੂੰ ਪੇਸ਼ ਕਰਦਿਆਂ ਪੁਰਾਣੇ ਕਿਸਾਨੀ ਸਮਾਜ ਦੀਆਂ ਚੰਗਿਆਈਆਂ ਤੇ ਸੀਮਾਵਾਂ ਦੋਹਾਂ ਨੂੰ ਹੀ ਬੜੇ ਸੁਹਿਰਦ ਭਾਵ ਨਾਲ ਪੇਸ਼ ਕਰਦਾ ਹੈ ਤੇ ਨਵੇਂ ਦੀ ਆਮਦ ਨੂੰ ਵੀ ਜੀ ਆਇਆਂ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਵਿਖਾਉਂਦਾ। ਵਿਰਕ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਆਪਣੇ ਪਾਤਰਾਂ ਨੂੰ ਨਾਇਕ ਜਾਂ ਖਲਨਾਇਕ ਦੀਆਂ ਕੋਟੀਆਂ ਵਿਚ ਨਹੀਂ ਵੰਡਦਾ। ਉਹ ਵਿਅਕਤੀ ਨੂੰ ਸਮੁੱਚ ਵਿਚ ਵੇਖਣ ਦਾ ਅਭਿਲਾਸ਼ੀ ਹੈ। ਨਾਇਕ ਹੀ ਨਹੀਂ, ਛੋਟੀ ਕਹਾਣੀ ਖਲਨਾਇਕ ਤੋਂ ਵੀ ਮੁਕਤ ਹੁੰਦੀ ਜਾ ਰਹੀ ਹੈ। ਇਹ ਮਨੁੱਖ ਨੂੰ ਪੁਰਾਣੀ ਟਰੈਜਡੀ ਵਾਂਗ ਨਾ ਮਨੁੱਖਤਾ ਤੋਂ ਉਤਾਂਹ ਚੁੱਕਦੀ ਹੈ ਨਾ ਕਾਮੇਡੀ ਵਾਂਗ ਹੇਠਾਂ ਡੇਗਦੀ ਹੈ। ਛੋਟੀ ਕਹਾਣੀ ਦੇ ਅਭਿਆਸੀ ਨੂੰ ਇਹ ਸੱਚ ਸਹਿਜੇ ਹੀ ਪ੍ਰਾਪਤ ਹੁੰਦਾ ਜਾ ਰਿਹਾ ਹੈ ਕਿ ਇਨਸਾਨ ਇਨਸਾਨੀਅਤ ਤੋਂ ਡਿੱਗ ਨਹੀਂ ਸਕਦਾ, ਕਿਉਂਕਿ ਇਨਸਾਨੀਅਤ ਓਹੋ ਹੈ, ਜੋ ਇਨਸਾਨ ਕਰਦਾ, ਸੋਚਦਾ ਜਾਂ ਮਹਿਸੂਸਦਾ ਹੈ।”[31] ਇਹੋ ਕਾਰਣ ਹੈ ਕਿ ਵਿਰਕ ਲਈ ਕੋਈ ਵੀ ਪਾਤਰ ਖਲਨਾਇਕ ਨਹੀਂ। ਨਾ ਪੁਰਾਣੇ ਜ਼ਮਾਨੇ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਲੋਕ ਤੇ ਨਾ ਨਵੀਆਂ ਕੀਮਤਾਂ ਦੇ ਧਾਰਨੀ ਲੋਕ।

ਨਵੀਆਂ ਸੋਚਾਂ ਦੀ ਦਖ਼ਲਅੰਦਾਜ਼ੀ ਕਾਰਣ ਪਿੰਡ ਦੇ ਦ੍ਰਿਸ਼ ’ਤੇ ਵਾਪਰ ਰਹੀਆਂ ਤਬਦੀਲੀਆਂ ਨੂੰ ਪੇਸ਼ ਕਰਦਿਆਂ ਉਹ ਜਿੱਥੇ ਆਲਾ ਸਿੰਘ (ਉਜਾੜ) ਜਾਂ ਬਹਾਦਰ ਸਿੰਘ (ਤੂੜੀ ਦੀ ਪੰਡ)

ਵਰਗੇ ਲੋਕਾਂ ਦੀ ਇਨਸਾਨੀ ਵਡਿਆਈ ਨੂੰ ਆਦਰ ਭਾਵ ਨਾਲ ਵੇਖਦਾ ਹੈ ਉੱਥੇ ਸਮੇਂ ਤੋਂ ਪੱਛੜ ਗਈ ਉਨ੍ਹਾਂ ਦੀ ਸੋਚ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦਾਹੈ। ਨਵੇਂ ਨਾਲ ਨਾਤਾ ਜੋੜਦਿਆਂ ਵਿਚਾਰ ਦੀ ਪੱਧਰ 'ਤੇ ਉਹ ਉਸ ਸਮੇਂ ਟਾਂਗਾ ਵਾਹੁਣ ਵਾਲੇ ਚੱਠੇ ਨੌਜਵਾਨ (ਤੂੜੀ ਦੀ ਪੰਡ) ਦੇ ਨਾਲ ਖਲੋਤਾ ਵਿਖਾਈ ਦੇਂਦਾ ਹੈ, ਜੋ ਨਵੇਂ ਵਕਤ ਦੀਆਂ ਵੰਗਾਰਾਂ ਨੂੰ ਪੂਰਿਆਂ ਕਰਨ ਖ਼ਾਤਰ ਆਪਣੇ ਭਾਈਚਾਰੇ ਦੀ ਥਾਂ ਟਾਂਗਾ ਵਾਹੁਣ ਵਾਲੀ ਆਪਣੀ ਨਵੀਂ ਬਰਾਦਰੀ ਦੇ ਨਾਲ ਹੈ, ਕਿਉਂਕਿ ਉਨ੍ਹਾਂ ਹੀ ਆਉਣ ਵਾਲੇ ਸਮੇਂ ਵਿਚ ਉਸਦੇ ਦੁੱਖ-ਸੁੱਖ ਦੇ ਭਾਈਵਾਲ ਬਣਨਾ ਹੈ।

ਨਵੀਂ ਪੀੜ੍ਹੀ ਦੇ ਲੋਕਾਂ ਦੇ ਨਵੇਂ ਵਿਚਾਰ ਪੁਰਾਣੇ ਸੰਗਠਿਤ ਭਾਈਚਾਰੇ ਨੂੰ ਢਾਹ ਲਾ ਰਹੇ ਹਨ। ਉਹ ਹੁਣ ਇਨ੍ਹਾਂ ਪਾਤਰਾਂ ਵਾਂਗ ਬਰਾਦਰੀ ਜਾਂ ਭਾਈਚਾਰੇ ਤੱਕ ਆਪਣੀ ਸੋਚ ਨੂੰ ਸੀਮਤ ਨਹੀਂ ਰੱਖਦੇ ਸਗੋਂ ਵਿਸ਼ਾਲ ਸੋਚ ਨਾਲ ਜ਼ਿੰਦਗੀ ਨੂੰ ਜਾਨਣ ਤੇ ਬਦਲਣ ਲਈ ਤਤਪਰ ਨਜ਼ਰ ਆਉਂਦੇ ਹਨ। ਵੋਟਾਂ ਵੇਲੇ ਆਲਾ ਸਿੰਘ ਤੇ ਬਹਾਦਰ ਸਿੰਘ ਦਾ ਬਰਾਦਰੀ ਨੂੰ ਮੁੱਖ ਰੱਖਣ ਵਾਲਾ ਰੁਝਾਣ ਹੁਣ ਬਦਲ ਰਿਹਾ ਸੀ। ਨਵੀਂ ਪੀੜ੍ਹੀ ਨੂੰ ਬਹਾਦਰ ਸਿੰਘ ਦਾ ਬਰਾਦਰੀ ਦੇ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਫ਼ੈਸਲਾ ਪ੍ਰਵਾਨ ਨਹੀਂ ਤੇ ਅਜਿਹੇ ਅ-ਪ੍ਰਵਾਨਗੀ ਵਾਲੇ ਲੋਕਾਂ ਦੀ ਗਿਣਤੀ ਨਿਰੰਤਰ ਵਧ ਰਹੀ ਸੀ। 'ਤੂੜੀ ਦੀ ਪੰਡ' ਵਿਚ ਕਦੀ ਵੋਟਾਂ ਮੰਗਣ ਆਏ ਵੜੈਚ ਸਰਦਾਰ ਨੂੰ ਬਹਾਦਰ ਸਿੰਘ ਨੇ ਠਿੱਠ ਕਰਕੇ ਮੋੜ ਦਿੱਤਾ ਸੀ, ਪਰ ਬਦਲੇ ਹੋਏ ਹਾਲਾਤ ਅਧੀਨ ਜਦੋਂ ਚੋਣਾਂ ਵੇਲੇ ਕਿਸੇ ਭਾਈਚਾਰੇ ਤੋਂ ਬਾਹਰਲੇ ਵਕੀਲ ਉਮੀਦਵਾਰ ਨੇ ਪਿੰਡ ਵਿਚ ਸਕੂਲ ਖੁਲ੍ਹਵਾਉਣ ਲਈ ਦਸ ਹਜ਼ਾਰ ਰੁਪਇਆ ਦੇਣਾ ਮੰਨ ਲਿਆ ਤਾਂ ਨਵੇਂ ਵਿਚਾਰਾਂ ਨਾਲ ਲੈਸ ਫ਼ੌਜੀ ਪੈਨਸ਼ਨੀਏ ਨੇ ਹੋਰਨਾਂ ਲੋਕਾਂ ਨੂੰ ਵੀ ਆਪਣੇ ਨਾਲ ਸਹਿਮਤ ਕਰ ਲਿਆ ਸੀ ਤਾਂ ਕਿ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਕੇ ਰੁਜ਼ਗਾਰ ਪ੍ਰਾਪਤ ਕਰ ਸਕਣ ਦੇ ਯੋਗ ਹੋ ਸਕਣ।

ਨਵੀਆਂ ਪੂੰਜੀਵਾਦੀ ਕੀਮਤਾਂ ਹੌਲੀ-ਹੌਲੀ ਜਾਗੀਰਦਾਰੀ ਜੀਵਨ ਸ਼ੈਲੀ ਤੇ ਕਦਰਾਂ-ਕੀਮਤਾਂ 'ਤੇ ਭਾਰੂ ਹੋ ਰਹੀਆਂ ਸਨ। ਨਵੀਆਂ ਕੀਮਤਾਂ ਦੀ ਵਦਾਨੀ ਸੱਟ ਪੁਰਾਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਲੋਕਾਂ ਨੂੰ ਆਹਤ ਕਰਦੀ ਹੈ, ਭਾਵੇਂ ਕਿ ਪੁਰਾਣੀ ਪੀੜ੍ਹੀ ਸਮੇਂ ਦੇ ਵੇਗ ਨੂੰ ਆਪਣੇ ਹੱਕ ਵਿਚ

ਬਦਲਣ ਲਈ ਹਰ ਹੀਲਾ ਕਰਦੀ ਹੈ, ਪਰ ਸਮਾਂ ਉਨ੍ਹਾਂ ਦੇ ਹੱਥੋਂ ਤਿਲਕਦਾ ਤੇ ਛੁੱਟਦਾ ਜਾਂਦਾ ਹੈ। 'ਤੂੜੀ ਦੀ ਪੰਡ' ਵਿਚ ਬਹਾਦਰ ਸਿੰਘ ਭਾਈਚਾਰੇ ਤੇ ਬਰਾਦਰੀ ਨੂੰ ਕੁਕੜੀ ਵੱਲੋਂ ਆਪਣੇ ਬੱਚਿਆਂ ਨੂੰ ਖੰਭਾਂ ਹੇਠ ਸਾਂਭਣ ਵਾਂਗ ਸਾਰੇ ਯਤਨ ਕਰਦਾ ਹੈ। ਇੰਜ ਹੀ 'ਉਜਾੜ' ਦਾ ਆਲਾ ਸਿੰਘ ਵੀ ਭਾਈਚਾਰੇ ਨੂੰ ਬੰਨ੍ਹੀ ਰੱਖਣ ਦਾ ਯਤਨ ਕਰਦਾ ਹੈ। ਨਵੇਂ ਖ਼ਿਆਲਾਂ ਦੇ ਮੁੰਡੇ ਜਿਨ੍ਹਾਂ ਨੂੰ ਉਹ ਮੁੰਡ੍ਹੀਰ ਆਖਦਾ ਹੈ ਰਾਸ਼ਟਰੀ-ਅੰਤਰ ਰਾਸ਼ਟਰੀ ਘਟਨਾਵਾਂ ਬਾਰੇ ਆਪਣੇ ਨਵੇਂ ਨਜ਼ਰੀਏ ਪੇਸ਼ ਕਰਦੇ ਹਨ। ਪਿੰਡ ਦੇ ਕੰਮੀ-ਕਮੀਣ ਲੋਕ ਵੀ ਹੁਣ ਜੱਟਾਂ ਦੇ ਬਰਾਬਰ ਤਖ਼ਤਪੋਸ਼ ਉੱਪਰ ਬੈਠਣ ਲੱਗ ਪਏ ਹਨ ਤੇ ਬਹਿਸ ਵਿਚ ਜੱਟਾਂ ਨੂੰ ਹਰਾਉਣ ਵੀ ਲੱਗ ਪਏ ਹਨ। ਸਮੇਂ ਦੇ ਇਤਿਹਾਸਕ ਵੇਗ ਨੂੰ ਬੰਨ੍ਹ ਮਾਰ ਸਕਣ ਦੀ ਬਹਾਦਰ ਸਿੰਘ ਤੇ ਆਲਾ ਸਿੰਘ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਹੁੰਦੀ। ਇਸੇ ਲਈ ਬਹਾਦਰ ਸਿੰਘ ਨੂੰ ਲੱਗਦਾ ਹੈ ਜਿਵੇਂ ਉਸ ਦੀ 'ਤੂੜੀ ਦੀ ਪੰਡ' ਵਗਦੇ ਦਰਿਆ ਵਿਚ ਖੁਲ੍ਹ ਗਈ ਹੋਵੇ। ਇਸੇ ਤਰ੍ਹਾਂ ਹੀ ਆਲਾ ਸਿੰਘ ਲਈ ਜਿਹੜਾ ਟੱਪ ਉਹਦੀ ਸਰਦਾਰੀ ਸ਼ਾਨ ਦਾ ਪ੍ਰਤੀਕ ਸੀ ਹੁਣ ਉਹੋ ਟੱਪ ਉਸ ਨੂੰ ਖੱਚ ਹੋ ਗਿਆ ਪ੍ਰਤੀਤ ਹੁੰਦਾ ਹੈ, ਕਿਉਂਕਿ ਉੱਥੇ ਮੁੰਡ੍ਹੀਰ ਇਕੱਠੀ ਹੋਈ ਰਹਿੰਦੀ ਹੈ।

ਕੁਲਵੰਤ ਸਿੰਘ ਵਿਰਕ ਦੀ ਵਿਸ਼ੇਸ਼ਤਾ ਹੈ ਕਿ ਉਹ ਸਮੇਂ ਦੀ ਇਤਹਾਸਕ ਚਾਲ ਦੇ ਵੇਗ ਦੀ ਅਨਿਵਾਰਤਾ ਨੂੰ ਸਮਝਦਾ ਹੈ। "ਆਲਾ ਸਿੰਘ ਤੇ ਬਹਾਦਰ ਸਿੰਘ ਆਪਣੇ ਸਮੇਂ ਦੀਆਂ ਕੀਮਤਾਂ ਅਨੁਸਾਰ ਸਿਆਣੇ ਤੇ ਸਾਊ ਮਨੁੱਖ ਹਨ। ਪਰ ਉਨ੍ਹਾਂ ਦਾ ਆਪਾ ਪਰੰਪਰਾ ਨਾਲ ਇਸ ਕਦਰ ਬੱਝਿਆ ਹੋਇਆ ਹੈ ਕਿ ਉਹ ਨਵੇਂ ਦੇ ਲੜ ਨਹੀਂ ਲੱਗ ਸਕਦੇ। ਪੁਰਾਣਾ ਖੁਰ ਰਿਹਾ ਹੈ। ਨਵੇਂ ਦੇ ਉਹ ਮੇਚ ਨਹੀਂ ਆਉਂਦੇ। ਦੁਖਾਂਤ ਅਨਿਵਾਰੀ ਹੈ ਜਿਸਦਾ ਬੁਨਿਆਦੀ ਕਾਰਨ ਇਤਿਹਾਸ ਦੀ ਗਤੀ ਹੈ, ਵਿਅਕਤੀ ਚਰਿਤਰ ਨਹੀਂ।"[32] ਅਸਲ ਵਿਚ ਕੁਲਵੰਤ ਸਿੰਘ ਵਿਰਕ ਸਮੇਂ ਨੂੰ ਇਕ ਪ੍ਰਵਾਹਮਾਨ ਵਰਤਾਰੇ ਵਾਂਗ ਵੇਖਦਾ ਹੈ। ਸਭਿਆਚਾਰਕ ਰੂਪਾਂਤਰਣ ਦੀ ਪ੍ਰਕ੍ਰਿਆ ਦੌਰਾਨ ਪੁਰਾਣੇ ਅਤੇ ਨਵੇਂ ਵਿਚੋਂ ਠੀਕ ਜਾਂ ਗਲਤ ਦੀ ਦੋ-ਟੁੱਕ ਚੋਣ ਕਰ ਸਕਣੀ ਸਹਿਜ ਨਹੀਂ। 'ਪੁਰਾਣੀ ਪੀੜ੍ਹੀ ਆਪਣੇ ਜੀਵਨ ਅਨੁਭਵ ਵਿਚ ਕੁਝ ਪ੍ਰਤਿਮਾਨਾਂ ਤੇ ਕੀਮਤਾਂ ਨੂੰ ਪ੍ਰਮਾਣਿਕ ਮੰਨ ਚੁੱਕੀ ਹੈ। ਇਹ

ਉਨ੍ਹਾਂ ਦੇ ਸਭਿਆਚਾਰਕ ਅਵਚੇਤਨ ਦਾ ਨਿੱਗਰ ਤੇ ਪੱਕਾ ਪੀਡਾ ਅੰਗ ਬਣ ਚੁੱਕੇ ਹਨ। ਪਰ ਨਵੀਂ ਸਭਿਆਚਾਰਕ ਸਥਿਤੀ ਵਿਚ ਉਹ ਕੀਮਤਾਂ ਆਪਣੀ ਸਾਰਥਿਕਤਾ ਵਿਹਾ ਚੁੱਕੀਆਂ ਹਨ। ਅਜਿਹੇ ਸਮੇਂ ਸਮਾਜ ਵਿਚ ਇਕੋ ਵੇਲੇ ਦੋ ਵਿਰੋਧੀ ਧਾਰਨਾਵਾਂ ਕਿਰਿਆਸ਼ੀਲ ਹਨ। ਵਿਰਕ ਦੀ ਖੂਬੀ ਇਹ ਹੈ ਕਿ ਉਸਨੇ ਸਮੁੱਚੀ ਪਰੰਪਰਾ ਨੂੰ ਨਕਾਰਿਆ ਨਹੀਂ ਅਤੇ ਨਵੀਂ ਚੇਤਨਾ ਨੂੰ ਜਿਉਂ ਦਾ ਤਿਉਂ ਪ੍ਰਵਾਨਿਆ ਨਹੀਂ।''[33]

ਕੁਲਵੰਤ ਸਿੰਘ ਵਿਰਕ ਦਾ ਸੰਤੁਲਤ ਮਾਨਵਵਾਦੀ ਨਜ਼ਰੀਆ ਜਿੱਥੇ ਭੂਪਵਾਦੀ ਕੀਮਤਾਂ ਨਾਲ ਜੁੜੇ ਆਲਾ ਸਿੰਘ, ਬਲਕਾਰ ਸਿੰਘ ਜਾਂ ਬਹਾਦਰ ਸਿੰਘ ਜਿਹੇ ਪਾਤਰਾਂ ਦੇ ਮਾਧਿਅਮ ਰਾਹੀਂ ਤਤਕਾਲੀ ਸਮਾਜ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦਾ ਗਲਪ ਬਿੰਬ ਪੇਸ਼ ਕਰਨ ਵਿਚ ਸਹਾਈ ਹੁੰਦਾ ਹੈ, ਉੱਥੇ ਉਹ ਇਸ ਦੌਰ ਵਿਚਲੀਆਂ ਕਮਜ਼ੋਰੀਆਂ ਨੂੰ ਵੀ ਪੇਸ਼ ਕਰਨ ਤੋਂ ਝਿਜਕਦਾ ਨਹੀਂ। ਇਹ ਠੀਕ ਹੈ ਕਿ ਮੌਤ ਵਰਗੀ ਨਿਆਂਕਾਰੀ ਸ਼ਕਤੀ ਅੱਗੇ ਦੁੱਖ ਵਿਚਲੀ ਸਾਂਝ ਕਾਰਣ ਸਰਦਾਰ ਅਤੇ ਕਾਮਾ ਇਕ ਗਲਵਕੜੀ ਵਿਚ ਘੁੱਟੇ ਜਾਂਦੇ ਹਨ ਤੇ ਰੋਂਦੇ ਵੀ ਹਨ, ਪਰ ਹਕੀਕਤ ਵਿਚ ਨਿਮਨ ਵਰਗ ਨਾਲ ਉਨ੍ਹਾਂ ਦੀ ਦੂਰੀ ਤੇ ਵਿੱਥ ਵੀ ਇਸੇ ਕਹਾਣੀ ਵਿਚੋਂ ਭਲੀਭਾਂਤ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਸਰਦਾਰ ਦੇ ਜਵਾਈ ਦੀ ਮੌਤ 'ਤੇ ਅਫਸੋਸ ਕਰਨ ਆਏ ਕਿਸਾਨਾਂ ਜਾਂ ਮਹਿਮਾਨਾਂ ਲਈ ਤਾਂ ਬੈਠਣ ਲਈ ਚਿੱਟੀਆਂ ਚਾਦਰਾਂ ਵਿਛੀਆਂ ਹੋਈਆਂ ਹਨ। ਪਰ ਨਿਮਨ ਸ਼੍ਰੇਣੀ ਨਾਲ ਸੰਬੰਧਿਤ ਲੋਕਾਂ ਲਈ ਵਿੱਥ ਉੱਤੇ ਪੁਰਾਣੀਆਂ ਦਰੀਆਂ ਵਿਛੀਆਂ ਹੋਈਆਂ ਹਨ। ਚਿੱਟੀਆਂ ਚਾਦਰਾਂ ਤੇ ਦਰੀਆਂ ਵਿਚਲੀ ਵਿੱਥ ਦੱਸਦੀ ਹੈ ਕਿ ਉੱਤੋਂ-ਉੱਤੋਂ ਪ੍ਰਗਟਾਈ ਜਾਂਦੀ ਮਾਨਵੀ ਸਾਂਝ ਤੇ ਆਪਸੀ ਰਵਾਦਾਰੀ ਦੀ ਭਾਵਨਾ ਦੇ ਬਾਵਜੂਦ ਸਮਾਜ ਵਿਚ ਆਰਥਕ ਤੇ ਸਮਾਜਕ ਆਧਾਰ 'ਤੇ ਕੀਤਾ ਜਾਣ ਵਾਲਾ ਵਿਤਕਰਾ ਕਾਇਮ ਹੈ। 'ਉਜਾੜ' ਦਾ ਆਲਾ ਸਿੰਘ ਭਾਵੇਂ ਆਪਣੇ ਕਾਮੇ ਦੀ ਧੀ ਜਵਾਈ ਨੂੰ ਸਵਾਰੀ ਲਈ ਘੋੜੀ ਦੇ ਕੇ ਚੰਗੇ ਵਿਹਾਰ ਦੀ ਮਿਸਾਲ ਕਾਇਮ ਕਰਦਾ ਹੈ, ਪਰ ਉਹ ਇਹ ਬਰਦਾਸ਼ਤ ਨਹੀਂ ਕਰਦਾ ਕਿ ਕੋਈ ਕੰਮੀ ਕਿਸੇ ਜੱਟ ਸਰਦਾਰ ਦੇ ਬਰਾਬਰ ਤਖਤਪੋਸ਼ ਜਾਂ ਮੰਜੇ 'ਤੇ ਬੈਠ ਜਾਵੇ। 'ਤੂੜੀ ਦੀ ਪੰਡ' ਦੇ ਬਹਾਦਰ ਸਿੰਘ ਨੂੰ ਇਹ ਸੁਣ ਕੇ ਨਮੋਸ਼ੀ ਹੁੰਦੀ ਹੈ ਕਿ ਉਨ੍ਹਾਂ ਦੇ

ਖਾਨਦਾਨ ਦੀ ਨੂੰਹ ਟਾਂਗਾ ਵਾਹੁਣ ਵਾਲੇ ਚੱਠੇ ਨੌਜਵਾਨ ਦੇ ਟਾਂਗੇ ਚਲਾਉਣ ਵਾਲੇ ਸਾਥੀ ਝਿਊਰਾਂ ਦੀਆਂ ਰੋਟੀਆਂ ਪਕਾਵੇ। ਇਸ ਪ੍ਰਕਾਰ ਦੇ ਅਨੇਕਾਂ ਵੇਰਵੇ ਵਿਰਕ ਦੀਆਂ ਕਹਾਣੀਆਂ ਵਿਚ ਉਪਲਬਧ ਹਨ ਜੋ ਇਹ ਸਿੱਧ ਕਰਨ ਲਈ ਕਾਫੀ ਹਨ ਕਿ ਸਤਹਿ ’ਤੇ ਦਿਸਦੀ ਮਾਨਵੀ ਸ਼ੁਭ ਇੱਛਾ ਦੇ ਬਾਵਜੂਦ ਧੁਰ ਡੂੰਘਾਣਾ ਵਿਚ ਜਾਤੀ ਅਤੇ ਜਮਾਤੀ ਸਮਾਜ ਦੀਆਂ ਅੰਤਰ-ਵਿਰੋਧਤਾਈਆਂ ਆਪਣੇ ਨਿਰੰਤਰ ਅਮਲ ਵਿਚ ਕਾਰਜਸ਼ੀਲ ਰਹਿੰਦੀਆਂ ਹਨ।

ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਦੌਰ ਵਿਚ ਖੇਤੀ ਦਾ ਅਜੇ ਮਸ਼ੀਨੀਕਰਣ ਨਹੀਂ ਸੀ ਹੋਇਆ। ਕਿਸਾਨ ਨੂੰ ਸਾਰੇ ਕੰਮ ਹੱਥੀਂ ਕਰਨੇ ਪੈਂਦੇ ਸਨ। ਵਿਰਕ ਆਪਣੀਆਂ ਕਹਾਣੀਆਂ ਵਿਚ ਉਨ੍ਹਾਂ ਮਿਹਨਤੀ ਕਿਸਾਨਾਂ ਦੀਆਂ ਜੀਵਨ ਝਾਕੀਆਂ ਨੂੰ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਹਲ ਵਾਹੁਣ ਲਈ ਅੱਧੀ ਰਾਤੇ ਉੱਠਣਾ ਪੈਂਦਾ ਹੈ। ਰੱਜਵੀਂ ਨੀਂਦ ਹਾਸਲ ਕਰਨਾ ਉਨ੍ਹਾਂ ਦੇ ਹਿੱਸੇ ਨਹੀਂ ਆਉਂਦਾ। ‘ਛਾਹ ਵੇਲਾ’ ਦੇ ਤੇਜੂ ਨੂੰ ਯਾਦ ਨਹੀਂ ਕਿ ਉਹ ਕਦੀ ਰੱਜ ਕੇ ਸੁੱਤਾ ਹੋਵੇ ; ਉਹਨੂੰ ਕੋਈ ਦਿਨ ਯਾਦ ਨਹੀਂ ਜਦੋਂ ਉਸ ਸੂਰਜ ਦੀ ਟਿੱਕੀ ਮੰਜੀ ’ਤੇ ਉਗਾਈ ਹੋਵੇ।[34] ਜ਼ਾਹਰ ਹੈ ਕਿ ਕਿਸਾਨ ਦਾ ਜੀਵਨ ਬੇ-ਅਰਾਮੀ ਤੇ ਲੰਮੀ ਮੁਸ਼ੱਕਤ ਦਾ ਜੀਵਨ ਸੀ। ਫ਼ਸਲਾਂ ਦੇ ਬੀਜਣ ਜਾਂ ਸਾਂਭਣ ਸਮੇਂ ਕੰਮ ਦਾ ਬਹੁਤ ਜ਼ੋਰ ਹੁੰਦਾ ਤਾਂ ਕਿਸਾਨ ਨੂੰ ਸਿਰ ਖੁਰਕਣ ਦੀ ਵੀ ਵਿਹਲ ਨਾ ਮਿਲਦੀ। ਉਹ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਤੇ ਉਸਨੂੰ ਕਈ-ਕਈ ਦਿਨ ਮੈਲੇ ਤੇ ਮੁੜ੍ਹਕੇ ਵਿਚ ਗੜੁੱਚ ਕੱਪੜਿਆਂ ਵਿਚ ਹੀ ਗੁਜ਼ਾਰਾ ਕਰਨਾ ਪੈਂਦਾ। ਧੋਤੇ ਕੱਪੜੇ ਪਾਉਣ ਦੀ ਵਾਰੀ ਉਸਨੂੰ ਕਈ ਦਿਨ ਬਾਅਦ ਮਿਲਦੀ, ਉਸਦੀ ਪੱਗ ਨੂੰ ਮਾਇਆ ਵੀ ਕਈ ਦਿਨਾਂ ਬਾਅਦ ਨਸੀਬ ਹੁੰਦੀ। ‘ਦੁੱਧ ਦਾ ਛੱਪੜ’[35] ਦਾ ਮੁੱਖ ਪਾਤਰ ਲਾਲ ਇਸਦੀ ਪ੍ਰਤਿਨਿਧ ਉਦਾਹਰਣ ਹੈ। ਉਸਦਾ ਭਰਾ ਦਿਆਲ ਤਾਂ ਚਿੱਟੇ ਕੱਪੜੇ ਪਾ ਕੇ ਪਿੰਡ ਵਿਚ ਫਿਰਦਾ ਰਹਿੰਦਾ ਹੈ ਤੇ ਲਾਲ ਹਰ ਵਕਤ ਖੇਤਾਂ ਵਿਚ ਕੰਮ ਵਿਚ ਜੁਟਿਆ ਰਹਿੰਦਾ ਹੈ। ਉਸਦੀ ਪਤਨੀ ਲਾਲ ਦੀ ਤਕਲੀਫ ਤੇ ਆਪਣੀ ਸਥਿਤੀ ’ਤੇ ਵੀ ਝੂਰਦੀ ਹੈ। ਉਹ ਵੀ ਚਾਹੁੰਦੀ ਹੈ ਕਿ ਲਾਲ ਵੀ ਮਾਇਆ ਲੱਗੀ ਪੱਗ ਬੰਨ੍ਹ ਕੇ ਚਿੱਟੇ ਕੱਪੜੇ ਪਾ ਕੇ ਪਿੰਡ ਵਿਚ ਫਿਰੇ। ਹੁਣ ਤਾਂ ਅੱਠੀਂ ਦਸੀਂ ਦਿਨੀਂ ਰਾਤ ਨੂੰ ਸੌਂਣ ਲੱਗਿਆਂ ਧੋਤੇ ਕੱਪੜੇ ਸਿਰ੍ਹਾਣੇ ਰਖਵਾ ਲੈਂਦਾ ਤੇ ਸਵੇਰੇ ਮੈਲੇ ਕੱਪੜੇ

ਲਾਹ ਕੇ ਧੋਤੇ ਕੱਪੜੇ ਪਾ ਲੈਂਦਾ। ਲਾਲ ਦੀ ਪਤਨੀ ਦੀ ਇਹ ਖ਼ਾਹਿਸ਼ ਹੈ ਕਿ ਲਾਲ ਵੀ ਦਿਆਲ ਵਾਂਗ ਸ਼ਾਮ ਘਰੇ ਗੁਜ਼ਾਰ ਸਕੇ।[36] ਇਹ ਵੇਰਵਾ ਜਿੱਥੇ ਕਿਸਾਨ ਦੀ ਅਥਾਹ ਮੁਸ਼ੱਕਤ ’ਤੇ ਝਾਤ ਪੁਆਉਂਦਾ ਹੈ ਉੱਥੇ ਇਹ ਵੀ ਸੰਕੇਤ ਕਰਦਾ ਹੈ ਕਿ ਮਿਹਨਤੀ ਕਿਸਾਨਾਂ ਨੂੰ ਆਪਣਾ ਵਿਆਹੁਤਾ ਜੀਵਨ ਵੀ ਚੱਜ ਨਾਲ ਮਾਨਣ ਦਾ ਮੌਕਾ ਨਹੀਂ ਮਿਲਦਾ। ਇਸ ਅਤ੍ਰਿਪਤੀ ਦੀ ਝਲਕ ਲਾਲ ਦੀ ਵਹੁਟੀ ਦੇ ਭਾਵਾਂ ਤੋਂ ਪ੍ਰਾਪਤ ਹੋ ਜਾਂਦੀ ਹੈ।

ਪਿੰਡ ਵਿਚ ਬਾਹਵਾਂ ਵਾਲਿਆਂ ਤੇ ਪੈਸੇ ਵਾਲਿਆਂ ਦਾ ਜ਼ੋਰ ਚਲਣਾ ਸੁਭਾਵਿਕ ਹੈ। ਤਾਕਤਵਰ ਆਪਣੀ ਧੌਂਸ ਦੇ ਸਿਰ ’ਤੇ ਕਮਜ਼ੋਰਾਂ ਨਾਲ ਧੱਕਾ ਵੀ ਕਰਦੇ ਹਨ। ਵਿਰਕ ਨੇ ਅਜਿਹੀ ਧੌਂਸ ਤੇ ਧੱਕੇ ਦੇ ਚਿਤਰ ਵੀ ਆਪਣੀ ਕਹਾਣੀ ਵਿਚ ਪੇਸ਼ ਕੀਤੇ ਹਨ। ਕਹਾਣੀ ‘ਕਸ਼ਟ ਨਿਵਾਰਣ’ ਵਿਚ ਮੁਰੱਬੇਬੰਦੀ ਵੇਲੇ ਸਰਦੇ-ਪੁੱਜਦੇ ਲੋਕ ਚੰਗੀ ਜ਼ਮੀਨ ਆਪਣੇ ਖਾਤੇ ਪੁਆ ਲੈਂਦੇ ਹਨ ਤੇ ਜਦ ਮਾੜਾ ਕਿਸਾਨ ਇਨਸਾਫ਼ ਦੀ ਮੰਗ ਕਰਦਾ ਹੈ ਤਾਂ ਉਹ ਇਹ ਕਹਿ ਕੇ ਦਬਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹ ਸਬਰ ਕਰੇ ਤੇ ਜੀਭ ਦੰਦਾਂ ਹੇਠ ਦੇ ਲਵੇ। ਉਸ ਕਿਸਾਨ ਦੀ ਪੀੜ ਇਨ੍ਹਾਂ ਸ਼ਬਦਾਂ ਵਿਚੋਂ ਉਜਾਗਰ ਹੁੰਦੀ ਹੈ, “ਪਿੰਡ ਵਾਲੇ ਆਂਹਦੇ ਨੇ ਦੜ ਕੇ ਬੈਠ ਰਹੁ। ਹੁਣ ਮੁੱਢੋਂ ਸੁੱਢੋਂ ਸਾਰਾ ਪਿੰਡ ਤੁੜਾਏਂਗਾ, ਸਾਰਿਆਂ ਨੂੰ ਨਵੇਂ ਸਿਰਿਓਂ ਕਜ਼ੀਆ ਪਾਏਂਗਾ। ਮਸਾਂ ਅੱਗੇ ਕੰਮ ਮੁੱਕਾ ਏ।”[37]

ਸਖਤ ਮਿਹਨਤ ਦੇ ਬਾਵਜੂਦ ਕਿਸਾਨ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਬੜੀ ਮੁਸ਼ਕਲ ਨਾਲ ਪੂਰੀਆਂ ਹੁੰਦੀਆਂ ਕਿਸਾਨੀ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ। ਉਸਨੂੰ ਸਮਾਜਕ ਲੋੜਾਂ ਦੀ ਪੂਰਤੀ ’ਤੇ ਵੀ ਖ਼ਰਚ ਕਰਨਾ ਪੈਂਦਾ ਹੈ। ‘ਪੰਜਾਹ ਰੁਪਏ’[38] ਕਹਾਣੀ ਵਿਚ ਮਿਹਨਤੀ ਕਿਸਾਨ ਬੱਖਾ ਸਿੰਘ ਆਪਣੀ ਧੀ ਨੂੰ ਸਮਾਜਕ ਰੀਤਾਂ ਅਨੁਸਾਰ ਉਹਦੇ ਸਹੁਰਿਆਂ ਤੋਂ ਲਿਆਉਣ ਤੋਂ ਅਸਮਰਥ ਹੈ ਕਿਉਂਕਿ ਉਸ ਕੋਲ ਇਸ ਮਕਸਦ ਲਈ ਖ਼ਰਚ ਕਰਨ ਵਾਸਤੇ ਪੰਜਾਹ ਰੁਪਏ ਵੀ ਨਹੀਂ। ਇਸ ਲੋੜ ਦੀ ਪੂਰਤੀ ਲਈ ਉਸਨੂੰ ਕਰਜ਼ਾ ਚੁੱਕਣਾ ਪੈਂਦਾ ਹੈ। ਕਿਸਾਨੀ ਦੀ ਮੰਦੀ ਆਰਥਿਕਤਾ ਕਈ ਵਾਰ ਕੁਦਰਤੀ ਕਰੋਪੀ ਕਾਰਣ ਵੀ ਹੋ ਜਾਂਦੀ ਹੈ ਤੇ ਕਈ ਵਾਰ ਸਰਕਾਰੀ ਨੀਤੀਆਂ ਵੀ ਇਸ ਦਾ ਕਾਰਨ ਬਣਦੀਆਂ ਹਨ। ਸਰਕਾਰ ਜ਼ਮੀਨ ਦਾ ਮਾਮਲਾ ਵਧਾ ਦੇਂਦੀ ਹੈ,

ਜਿਹੜਾ ਕਿ ਗ਼ਰੀਬ ਕਿਸਾਨਾਂ ਲਈ ਦੇ ਸਕਣਾ ਔਖਾ ਹੁੰਦਾ ਹੈ। ਆਪਣੀ ਅਸਮਰਥਾ ਦਾ ਪ੍ਰਗਟਾਵਾ ਕਰਦਿਆਂ ਜੇ ਕਿਸਾਨ ਮਾਮਲਾ ਦੇਣੋਂ ਇਨਕਾਰੀ ਹੁੰਦਾ ਹੈ ਤਾਂ ਉਸ ਕੋਲੋਂ ਜਬਰੀ ਉਗਰਾਹੀ ਕੀਤੀ ਜਾਂਦੀ ਤੇ ਕਈ ਵਾਰ ਵਿਰੋਧ ਕਰਦਿਆਂ ਸਰਕਾਰੀ ਜਬਰ ਦਾ ਸਾਹਮਣਾ ਕਰਦਿਆਂ ਗੋਲੀਆਂ ਦਾ ਸ਼ਿਕਾਰ ਵੀ ਹੋਣਾ ਪੈ ਜਾਂਦਾ ਹੈ।[39]

ਪਿੰਡ ਵਿਚ ਕਿਸਾਨੀ ਤੋਂ ਇਲਾਵਾ ਇਕ ਧਿਰ ਮੁਜਾਰਿਆਂ, ਕੰਮੀਆਂ ਤੇ ਕਾਮਿਆਂ ਦੀ ਹੈ। ਮੁਜਾਰੇ ਹਿੱਸੇ-ਠੇਕੇ ’ਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ। ਖੇਤ ਮਜ਼ਦੂਰ ਖੇਤਾਂ ਵਿਚ ਦਿਹਾੜੀ ’ਤੇ ਕੰਮ ਕਰਦੇ ਹਨ। ਕਈ ਸੀਰੀ ਜਾਂ ਭਿਆਲ ਬਣ ਕੇ ਵੀ ਕੰਮ ਕਰਦੇ ਹਨ ਤੇ ਫ਼ਸਲ ਵਿਚ ਬਰਾਬਰ ਦਾ ਖ਼ਰਚ ਅਦਾ ਕਰਕੇ ਉਪਜ ਵਿਚੋਂ ਨਿਸ਼ਚਿਤ ਹਿੱਸਾ ਪ੍ਰਾਪਤ ਕਰਦੇ ਹਨ। ਇਨ੍ਹਾਂ ਲੋਕਾਂ ਦਾ ਜੀਵਨ ਮਾਲਕ ਕਿਸਾਨਾਂ ਦੀ ਮਿਹਰਬਾਨੀ ’ਤੇ ਟਿਕਿਆ ਹੋਣ ਕਰਕੇ ਇਨ੍ਹਾਂ ਦੀ ਸ਼ਖ਼ਸੀਅਤ ਦਬੀ-ਘੁੱਟੀ ਹੁੰਦੀ ਹੈ। ਇਨ੍ਹਾਂ ਦੀ ਮਾਨਵੀ ਹੋਂਦ ਪੂਰੇ ਜਲੌਅ ਵਿਚ ਖਿੜ-ਵਿਗਸ ਸਕਣ ਤੋਂ ਅਸਮਰਥ ਰਹਿੰਦੀ ਹੈ। ਵਿਰਕ ਦੀ ਕਹਾਣੀ ‘ਪੌਣਾ ਆਦਮੀ’ ਦੇ ਪਰਨਿਰਭਰ ਜੀਵਨ ਜਿਊਣ ਵਾਲੇ ਕਰਮੇ ਦੀ ਸ਼ਖ਼ਸੀਅਤ ਕਦੀ ਮੁਕੰਮਲ ਰੂਪ ਵਿਚ ਆਕਾਰ ਗ੍ਰਹਿਣ ਨਹੀਂ ਕਰ ਪਾਉਂਦੀ। ਇਕ ਤਾਂ ਉਹ ਸਮਾਜਕ ਦਰਜਾਬੰਦੀ ਵਿਚ ਵੀ ਨੀਵੀਂ ਹੈਸੀਅਤ ਵਾਲਾ ਹੈ। ਦੂਜਾ ਉਹ ਆਰਥਕ ਤੌਰ ’ਤੇ ਵੀ ਕਿਸਾਨੀ ’ਤੇ ਨਿਰਭਰ ਹੈ। ਉਸਦੀ ਨਿਮਾਣੀ ਹੋਂਦ ਦਾ ਚਿਤਰਣ ਕਰਦਿਆਂ ਵਿਰਕ ਦਸਦਾ ਹੈ ਕਿ ਉਸ ਵਰਗੇ ਕਮਜ਼ੋਰ ਬੰਦੇ ਨਾਲ ਕੋਈ ਲੜਨ-ਭਿੜਨ ਵਿਚ ਵੀ ਮਾਣ ਮਹਿਸੂਸ ਨਹੀਂ ਕਰਦਾ। ਜੱਟਾਂ ਦੇ ਛੋਟੇ-ਛੋਟੇ ਮੁੰਡੇ ਵੀ ਉਹਦੇ ਖੇਤਾਂ ਵਿਚ ਜਬਰਦਸਤੀ ਡੰਗਰ ਚਾਰਦੇ ਹਨ। ਕਰਮੇ ਵਿਚ ਉਨ੍ਹਾਂ ਨੂੰ ਰੋਕ ਸਕਣ ਦਾ ਵੀ ਜੇਰਾ ਨਹੀਂ, ਕਿਉਂਕਿ ਉਨ੍ਹਾਂ ਬੱਚਿਆਂ ਪਿੱਛੇ ਖੜੇ ਉਨ੍ਹਾਂ ਦੇ ਮਾਂ-ਬਾਪ ਤੇ ਭਰਾ-ਭਾਈ ਨਜ਼ਰ ਆਉਂਦੇ ਹਨ।[40] ਇੰਜ ਬੇਵੱਸੀ, ਸਾਧਨਹੀਣਤਾ ਤੇ ਪਰਨਿਰਭਰਤਾ ਇਨ੍ਹਾਂ ਨਿਮਨ ਲੋਕਾਂ ਦੀ ਜ਼ਮੀਰ ਨੂੰ ਸੁੰਨ ਕਰ ਛਡਦੀ ਹੈ ਤੇ ਉਨ੍ਹਾਂ ਦਾ ਸ੍ਵੈਮਾਣ ਤੇ ਗੁੱਸਾ ਠੁੱਸ ਹੋ ਕੇ ਰਹਿ ਜਾਂਦਾ ਹੈ।

ਨਿਮਨ ਸ਼੍ਰੇਣੀ ਲਈ ਜਿਊਣ ਦੇ ਸਾਧਨ ਜੁਟਾਉਣਾ ਹੀ ਸਭ ਤੋਂ ਵੱਡਾ ਮਸਲਾ ਹੁੰਦਾ ਹੈ। ਜ਼ਿੰਦਗੀ

ਦੇ ਵਡੇਰੇ ਤੇ ਬੁਨਿਆਦੀ ਮਸਲਿਆਂ ਬਾਰੇ ਸੋਚਣ ਵਿਚਾਰਣ ਦੀ ਉਨ੍ਹਾਂ ਕੋਲ ਨਾ ਸਮਰਥਾ ਹੈ, ਨਾ ਚੇਤਨਾ ਤੇ ਨਾ ਹੀ ਵਿਹਲ। ਵਿਰਕ ਨੇ ਮਾਨਵਤਾ ਤੋਂ ਵਿਛੁੰਨੇ ਅਜਿਹੇ ਕਿਰਤੀ ਲੋਕਾਂ ਦੀਆਂ ਅਨੇਕਾਂ ਪ੍ਰਮਾਣਿਕ ਝਾਕੀਆਂ ਚਿਤਰੀਆਂ ਹਨ। ਕਹਾਣੀ 'ਲੱਖਾਂ ਕਰੋੜਾਂ ਰੁਪਈਆ' ਵਿਚ ਘਰ ਦੀ ਸੁਆਣੀ ਛੱਲੀਆਂ ਵੇਚ ਕੇ ਪੰਜਾਂ ਦਾ ਨੋਟ ਹਾਸਲ ਕਰਦੀ ਹੈ। ਉਸਦੇ ਬੱਚੇ ਨੂੰ ਇਹ ਬੜੀ ਅਚੰਭੇ ਵਾਲੀ ਗੱਲ ਲਗਦੀ ਹੈ ਤੇ ਉਹ ਸੋਚਦਾ ਹੈ ਕਿ ਜੇ ਘਰ ਦੀਆਂ ਸਾਰੀਆਂ ਚੀਜ਼ਾਂ ਵੇਚ ਦਿਤੀਆਂ ਜਾਣ ਤਾਂ ਉਹ ਕਿੰਨੇ ਅਮੀਰ ਹੋ ਸਕਦੇ ਹਨ। ਇਸ ਕਹਾਣੀ ਵਿਚ ਗ਼ਰੀਬ ਕਿਸਾਨ ਦੀ ਆਰਥਕ ਹੈਸੀਅਤ ਦਾ ਪਤਾ ਕਹਾਣੀ ਵਿਚਲੇ ਬਹੁਤੇ ਸਾਰੇ ਵੇਰਵਿਆਂ ਤੋਂ ਮਿਲ ਜਾਂਦਾ ਹੈ ਕਿ ਕਿਸ ਤਰ੍ਹਾਂ ਘਰ ਦੇ ਜੀਅ ਪੈਸੇ-ਪੈਸੇ ਲਈ ਤਰਸਦੇ ਹਨ। ਉਸਦੀ ਭਾਬੀ ਨੂੰ ਪੈਰਾਂ ਵਿਚ ਪਾਉਣ ਲਈ ਜੁੱਤੀ ਨਹੀਂ ਮਿਲਦੀ, ਤੀਲਾਂ ਵਾਲੀ ਡੱਬੀ ਨਾ ਹੋਣ ਕਰਕੇ ਉਹਦੀ ਭੈਣ ਰੋਜ਼ਾਨਾ ਗੁਆਂਢੀਆਂ ਘਰੋਂ ਅੱਗ ਲੈਣ ਜਾਂਦੀ ਹੈ।[41] ਇੰਜ ਹੀ 'ਦੇ ਲੰਮੀ ਨਦਰਿ ਨਿਹਾਲੀਐ'[42] ਵਿਚ ਵੀ ਬੱਚੇ ਨੂੰ ਜੁੱਤੀ ਨਸੀਬ ਨਹੀਂ ਹੁੰਦੀ ਤੇ ਮਾਂ ਪੁੱਤ ਨੂੰ ਨੰਗੇ ਪੈਰੀਂ ਵੇਖ ਕੇ ਪ੍ਰੇਸ਼ਾਨ ਹੁੰਦੀ ਹੈ।

ਕਿਰਤੀ ਲੋਕਾਂ ਦੇ ਬੱਚੇ ਵੀ ਬਚਪਨ ਮਾਨਣ ਤੋਂ ਵਿਹੂਣੇ ਰਹਿੰਦੇ ਹਨ। ਉਨ੍ਹਾਂ ਨੂੰ ਸੁਰਤ ਸੰਭਾਲਦਿਆਂ ਹੀ ਜੱਟ ਕਿਸਾਨਾਂ ਦੇ ਪਸ਼ੂ ਚਾਰਨ ਲਈ ਵਾਗੀ ਬਣਨਾ ਪੈਂਦਾ ਹੈ। ਕੁੜੀਆਂ ਨੂੰ ਆਪਣੇ ਬਾਪ ਦੇ ਸੇਪੀਆਂ ਦੇ ਡੰਗਰਾਂ ਦਾ ਗੋਹਾ-ਕੂੜਾ ਚੁੱਕਣਾ ਪੈਂਦਾ ਹੈ।[43] ਰੋਜ਼ੀ-ਰੋਟੀ ਦੀ ਇਸ ਜੰਗ ਵਿਚ ਇਨ੍ਹਾਂ ਨੂੰ ਕਦੇ ਵੀ ਜਿੱਤ ਨਸੀਬ ਨਹੀਂ ਹੁੰਦੀ ਤੇ ਕਦੀ-ਕਦੀ ਮੌਕਾ ਮਿਲਣ 'ਤੇ ਉਹ ਇਸ ਕੋਹਲੂ ਦੇ ਬਲਦ ਵਾਲੀ ਜ਼ਿੰਦਗੀ ਤੋਂ ਆਕੀ ਹੋ ਕੇ ਨੌਕਰੀ ਢੂੰਡਣ ਦਾ ਯਤਨ ਵੀ ਕਰਦੇ ਹਨ। ਕਹਾਣੀ 'ਨੌਕਰੀ' ਵਿਚ ਕਰਤਾਰਾ ਜੱਟਾਂ ਦੇ ਡੰਗਰ ਚਾਰਨੇ ਛੱਡ ਕੇ ਨੌਕਰੀ ਕਰ ਲੈਂਦਾ ਹੈ। ਕਿਰਤੀ ਵਰਗ ਦੀ ਸਥਿਤੀ ਸਿਰਫ਼ ਜਿਊਣ ਤੱਕ ਹੀ ਸੀਮਤ ਹੁੰਦੀ ਹੈ। ਉਹ ਕਦੇ ਵੀ ਆਪਣੀ ਸਥਿਤੀ ਤੋਂ ਉੱਪਰ ਉੱਠ ਕੇ ਸੋਚ ਸਕਣ ਦੇ ਯੋਗ ਨਹੀਂ ਬਣਦੇ। ਉਨ੍ਹਾਂ ਦੇ ਇਸ ਬੌਧਿਕ ਪਛੜੇਪਨ ਨੂੰ ਬਿਆਨ ਕਰਦਿਆਂ ਵਿਰਕ ਦੱਸਦਾ ਹੈ ਕਿ ਉਨ੍ਹਾਂ ਦਾ ਸਾਰਾ ਸ਼ਬਦ ਭੰਡਾਰ ਹੀ ਪੰਜਾਹ-ਸੱਠ ਸ਼ਬਦਾਂ ਤੱਕ ਸੀਮਤ ਹੁੰਦਾ ਹੈ ਤੇ ਉਨ੍ਹਾਂ ਦੀ ਭੂਗੋਲਿਕ ਤੇ ਸਮਾਜਕ ਜਾਣਕਾਰੀ

ਵੀ ਸਿਰਫ਼ ਆਪਣੇ ਪਿੰਡ ਤੱਕ ਹੀ ਸੀਮਤ ਹੁੰਦੀ ਹੈ। 'ਬਹੁਤ ਨੇੜੇ ਬਹੁਤ ਦੂਰ' ਕਹਾਣੀ ਵਿਚਲਾ ਖੇਤ ਮਜ਼ਦੂਰ ਪਾਤਰ ਜਦੋਂ ਪਹਿਲੀ ਵਾਰ ਪਿੰਡੋਂ ਬਾਹਰ ਨਿਕਲਦਾ ਹੈ ਤੇ ਇਕ ਅੰਗਰੇਜ਼ ਨੂੰ ਵੇਖਣ ਦਾ ਉਸਨੂੰ ਪਹਿਲਾ ਮੌਕਾ ਮਿਲਦਾ ਹੈ ਤਾਂ ਉਹ ਇਹ ਮੰਨਣ ਨੂੰ ਤਿਆਰ ਨਹੀਂ ਕਿ ਅੰਗਰੇਜ਼ਾਂ ਦੀ ਸਰੀਰਕ ਬਣਤਰ ਤੇ ਅੰਗ ਵੀ ਉਨ੍ਹਾਂ ਦੇ ਆਪਣੇ ਵਰਗੇ ਹੀ ਹਨ। ਉਹ ਆਪਣੇ ਸੇਪੀ ਨੂੰ ਪੁੱਛਦਾ ਹੈ ਕਿ, "ਕਰਤਾਰ ਸਿੰਘ ਇਨ੍ਹਾਂ ਦਾ ਸਾਰਾ ਕੁਝ ਆਪਣੇ ਵਰਗਾ ਹੀ ਹੁੰਦਾ ਏ? ਸਾਰੇ ਕੁਝ ਤੋਂ ਉਸਦਾ ਭਾਵ ਸਰੀਰ ਦੇ ਗੁਪਤ ਅੰਗਾਂ ਤੋਂ ਸੀ।"[44]

ਸਿਰਫ਼ ਆਦਮੀ ਹੀ ਨਹੀਂ ਸਗੋਂ ਕਿਰਤੀ ਵਰਗ ਦੀਆਂ ਔਰਤਾਂ ਦੀ ਜ਼ਿੰਦਗੀ ਵੀ ਮੁੱਸ਼ਕਤ ਭਰੀ, ਕਰੜੀ ਤੇ ਔਖੀ ਹੈ। ਇਨ੍ਹਾਂ ਕਿਰਤੀ ਪਰਿਵਾਰਾਂ ਦੀਆਂ ਨਵ-ਵਿਆਹੀਆਂ ਕੁੜੀਆਂ ਦਾ ਨਵੇਂ ਵਿਆਹ ਨੂੰ ਮਾਨਣ ਦਾ ਚਾਅ ਅਧੂਰਾ ਹੀ ਰਹਿ ਜਾਂਦਾ ਹੈ। ਵਿਆਹ ਤੋਂ ਪਹਿਲਾਂ ਉਹ ਆਪਣੇ ਪਿਤਾ ਦੇ ਘਰ ਜੱਟ ਕਿਸਾਨਾਂ ਦਾ ਗੋਹਾ-ਕੂੜਾ ਚੁੱਕਦੀਆਂ ਆਈਆਂ ਹਨ ਤੇ ਵਿਆਹ ਤੋਂ ਬਾਅਦ ਉਹੀ ਗੋਲਪੁਣਾ ਸਹੁਰੇ ਘਰ ਉਨ੍ਹਾਂ ਦੇ ਹਿੱਸੇ ਆਉਂਦਾ ਹੈ। 'ਬਹੁਤ ਨੇੜੇ ਬਹੁਤ ਦੂਰ' ਕਹਾਣੀ ਵਿਚ ਤਾਰੇ ਦੀ ਪਤਨੀ ਸਹੁਰੇ ਆਉਂਦਿਆਂ ਹੀ ਸੇਪੀਆਂ ਦਾ ਗੋਹਾ ਪੱਥਣ ਲਈ ਮਜਬੂਰ ਹੈ, ਅਜਿਹੀ ਸਥਿਤੀ ਵਿਚ ਅਨੁਮਾਨ ਲਾਉਣਾ ਔਖਾ ਨਹੀਂ ਕਿ ਕੰਮ ਹੀ ਉਨ੍ਹਾਂ ਦੀ ਮੱਤ ਮਾਰ ਛੱਡਦਾ ਹੈ। ਉਨ੍ਹਾਂ ਨੂੰ ਰੀਝਾਂ ਤੇ ਚਾਅ ਮਾਨਣ ਦਾ ਮੌਕਾ ਹੀ ਨਹੀਂ ਮਿਲਦਾ। ਇਸ ਹੇਠਲੇ ਵਰਗ ਦੀ ਜ਼ਿੰਦਗੀ ਤਾਂ ਮੁਸ਼ਕਲਾਂ ਭਰੀ ਹੈ ਹੀ ਪਰ ਉਹ ਚੇਤਨਾ ਦੀ ਪੱਧਰ 'ਤੇ ਵੀ ਪੂਰੀ ਤਰ੍ਹਾਂ ਪੱਛੜੇ ਹੋਏ ਹਨ। ਉਹ ਕਦੇ ਵੀ ਆਪਣੀ ਹਾਲਤ ਤੋਂ ਉੱਪਰ ਉੱਠਣ ਲਈ ਜਥੇਬੰਦ ਹੋਣ ਬਾਰੇ ਨਹੀਂ ਸੋਚਦੇ, ਸਗੋਂ ਕੰਮ ਦੀ ਘਾਟ ਦੇ ਦਿਨਾਂ ਵਿਚ ਉਹ ਕੰਮ ਦੀ ਖ਼ਾਤਰ ਆਪਸ ਵਿਚ ਹੀ ਲੜਨ-ਭਿੜਨ ਲਈ ਤਿਆਰ ਹੋ ਜਾਂਦੇ ਹਨ। 'ਦੇ ਲੰਮੀ ਨਦਰਿ ਨਿਹਾਲੀਐ' ਵਿਚ ਜਦੋਂ ਜੱਟ ਰਾਮੀ ਦੇ ਮੁੰਡੇ ਦੀ ਥਾਂ ਮਹਿਰਿਆਂ ਦੇ ਮੁੰਡੇ ਨੂੰ ਦਿਹਾੜੀ 'ਤੇ ਲੈ ਜਾਂਦੇ ਹਨ ਤਾਂ ਰਾਮੀ ਨੂੰ ਲਗਦਾ ਹੈ ਕਿ ਮਹਿਰੇ ਹੀ ਉਸਦੇ ਸਭ ਤੋਂ ਵੱਡੇ ਦੁਸ਼ਮਣ ਹਨ, "ਸਾਡੇ 'ਤੇ ਲਹੂ ਦੇ ਤ੍ਰਿਹਾਏ ਲਗੇ ਫਿਰਦੇ ਨੇ ਇਹ ਮਹਿਰੇ ; ਸਾਡੇ ਲਹੂ ਦੇ।"[45] ਕੁਲਵੰਤ ਸਿੰਘ ਵਿਰਕ ਆਪ ਭਾਵੇਂ ਕਿਸਾਨ ਪਰਿਵਾਰ ਦਾ ਜੰਮਪਲ ਸੀ ਪਰ ਬਤੌਰ ਲੇਖਕ ਉਸਦੀ

ਹਮਦਰਦੀ ਨਿਮਨ ਸ਼੍ਰੇਣੀਆਂ ਦੇ ਥੁੜ੍ਹੇ ਟੁੱਟੇ ਲੋਕਾਂ ਨਾਲ ਸੀ। ਉਸ ਮੁਤਾਬਕ ਲੇਖਕ ਜਾਂ ਕਲਾਕਾਰ 'ਪਤਲ ਚੰਮਾਂ' ਜਾਂ ਸਮਾਜ ਦਾ 'ਕੰਡ ਮੰਨਣ ਵਾਲਾ'[46] ਭਾਗ ਹੁੰਦਾ ਹੈ। ਭਾਵ ਉਹ ਆਮ ਲੋਕਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ। ਇਸ ਕਰਕੇ ਉਸ ਦਾ ਵਿਚਾਰ ਹੈ ਕਿ ਲੇਖਕ ਸਦਾ ਗ਼ਰੀਬਾਂ ਦਾ ਸਾਥੀ ਹੁੰਦਾ ਹੈ, ਕਿਉਂਕਿ ਉਸਨੂੰ ਹੋਰਨਾਂ ਨਾਲੋਂ ਗ਼ਰੀਬੀ ਦਾ ਅਹਿਸਾਸ ਤੇ ਦੁੱਖ ਵਧੇਰੇ ਹੁੰਦਾ ਹੈ, 'ਸਾਰਾ ਦਿਨ ਧੁੱਪੇ ਕੰਮ ਕਰਨ ਵਾਲੇ ਕਾਮਿਆਂ ਨੂੰ ਜਦ ਰਾਤਾਂ ਦੇ ਅਨ੍ਹੇਰੇ ਵਿਚ ਸੁੱਕੀਆਂ, ਅੱਧ ਕੱਚੀਆਂ ਟਾਪਾਂ ਗੰਢਿਆਂ ਨਾਲ ਖਾਂਦੇ ਕੋਈ ਕਲਾਕਾਰ ਦੇਖਦਾ ਹੈ ਤਾਂ ਇਹੋ ਜਿਹੇ ਦ੍ਰਿਸ਼ ਦੀ ਤਸਵੀਰ ਉਸਦੇ ਮਨ ਤੋਂ ਮਿਟ ਨਹੀਂ ਸਕਦੀ, ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਇਹਨਾਂ ਨੂੰ ਆਪਣੇ ਹਿੱਸੇ ਤੋਂ ਘੱਟ ਮਿਲਿਆ ਹੈ।''[47]

ਵਿਰਕ ਵੱਲੋਂ ਪੇਸ਼ ਕੀਤੇ ਪਿੰਡ ਦੇ ਕਿਰਤੀ ਕਾਮਿਆਂ ਦੇ ਜੀਵਨ ਚਿਤਰ ਤੋਂ ਸਾਨੂੰ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਦੀ ਸਮੁੱਚੀ ਜ਼ਿੰਦਗੀ ਇਕ ਨਿਰੰਤਰ ਸੰਘਰਸ਼ ਹੈ। ਅਜਿਹੀ ਹਾਲਤ ਵਿਚ ਉਨ੍ਹਾਂ ਦੀ ਮਾਨਵੀ ਹੋਂਦ ਪਸ਼ੂ ਹੋਂਦ ਤੱਕ ਸੀਮਤ ਹੋ ਜਾਂਦੀ ਹੈ। ਮਨੁੱਖੀ ਗੌਰਵ ਵਰਗੇ ਭਾਵ ਇਨ੍ਹਾਂ ਲੋਕਾਂ ਲਈ ਕੋਈ ਅਰਥ ਨਹੀਂ ਰੱਖਦੇ। ਉਹ ਉਪਰਲੀਆਂ ਧਿਰਾਂ ਦੇ ਮਜ਼ਾਕ ਦਾ ਕਾਰਣ ਬਣ ਜਾਂਦੇ ਹਨ ਤੇ ਉਨ੍ਹਾਂ ਦੀਆਂ ਔਰਤਾਂ ਵੀ ਅਜਿਹੀ ਸਥਿਤੀ ਤੋਂ ਬਚੀਆਂ ਨਹੀਂ ਰਹਿੰਦੀਆਂ। ਜਿੱਥੇ 'ਪੌਣਾ ਆਦਮੀ' ਦਾ ਕਰਮਾ ਆਪਣੀ ਨਿਮਾਣੀ ਹੋਂਦ ਕਰਕੇ ਜੱਟ ਕਿਸਾਨਾਂ ਦੇ ਮੁੰਡਿਆਂ ਦੇ ਮਜ਼ਾਕ ਦਾ ਕਾਰਣ ਬਣਦਾ ਹੈ ਉੱਥੇ ਉਸਦੀ ਪਤਨੀ ਮਾਲਣ ਵੀ ਪਿੰਡ ਦੇ ਜਵਾਨ ਮੁੰਡਿਆਂ ਲਈ ਮਸ਼ਕਰੀ ਦਾ ਸਾਧਨ ਬਣਦੀ ਹੈ। ਉਹ ਮਿਹਨਤੀ ਔਰਤ ਘਰ ਦਾ ਗੁਜ਼ਾਰਾ ਚਲਾਉਣ ਲਈ ਘਰਾਂ ਵਿਚ ਜਾ ਕੇ ਸਬਜ਼ੀਆਂ ਵੇਚਦੀ ਹੈ ਤੇ ਜੱਟਾਂ ਦੇ ਮੁੰਡੇ ਉਸਦਾ ਨਾਂ ਲੈ ਕੇ ਇਕ ਦੂਜੇ ਨੂੰ ਛੇੜਦੇ ਹਨ, ''ਇਹ ਨਹੀਓਂ ਖਲੋਂਦਾ ਹੁਣ, ਇਹਨੂੰ ਤੇ ਘਰ ਮਾਲਣ ਦੇ ਟੀਂਡੇ ਉਡੀਕਦੇ ਨੇ।''[48]

ਕਿਰਤੀ ਲੋਕਾਂ ਦੇ ਜੀਵਨ ਬਾਰੇ ਅਜਿਹੇ ਸੰਵੇਦਨਾ ਭਰਪੂਰ ਤੇ ਸਜਿੰਦ ਗਲਪ ਬਿੰਬ ਪੇਸ਼ ਕਰਦਿਆਂ ਕੁਲਵੰਤ ਸਿੰਘ ਵਿਰਕ ਇਸ ਤੱਥ ਵੱਲ ਵੀ ਧਿਆਨ ਦਿਵਾਉਂਦਾ ਹੈ ਕਿ ਸਾਹਿਤ ਲਿਖਣਾ ਕੇਵਲ ਸ਼ੌਕ ਪੂਰਤੀ ਨਹੀਂ ਸਗੋਂ ਸਮਾਜਕ ਜ਼ਿੰਮੇਵਾਰੀ ਨਿਭਾਉਣ ਵਰਗਾ ਕਾਰਜ ਹੈ।

ਵਿਰਕ ਮੁਤਾਬਿਕ, ''ਜਦੋਂ ਕੁਝ ਲੋਕਾਂ ਲਈ ਥੁੜਾਂ ਸਰੀਰ ਦੇ ਹੋਰ ਸਾਰੇ ਰਸਤੇ ਤੇ ਸੁਆਸ ਬੰਦ ਕਰ ਦੇਣ ਤਾਂ ਬਾਕੀ ਦੇ ਲੋਕਾਂ ਨੂੰ ਕੁਝ ਚਿਰ ਲਈ ਹੋਰ ਗੱਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।''[49] ਵਿਰਕ ਆਪਣੇ ਸਮਕਾਲੀ ਪ੍ਰਗਤੀਵਾਦੀ ਲੇਖਕਾਂ ਵਾਂਗ ਭਾਵੇਂ ਹੇਠਲੀਆਂ ਧਿਰਾਂ ਦੇ ਹੱਕ ਵਿਚ ਲਿਖਣ ਦਾ ਐਲਾਨੀਆਂ ਦਾਅਵਾ ਨਹੀਂ ਕਰਦਾ, ਤਦ ਵੀ ਉਹ ਖ਼ਾਮੋਸ਼ ਤੌਰ 'ਤੇ ਲਿਤਾੜੇ ਜਾ ਰਹੇ ਤੇ ਆਰਥਕ ਤੌਰ 'ਤੇ ਨਪੀੜੇ ਜਾ ਰਹੇ ਲੋਕਾਂ ਨਾਲ ਆਪਣੀ ਹਮਦਰਦੀ ਜਤਾਉਣੋਂ ਨਹੀਂ ਰਹਿੰਦਾ। ਉਹ ਕਿਰਤੀ ਵਰਗ ਵਿਰੋਧੀ ਪੂੰਜੀਵਾਦੀ ਕੀਮਤਾਂ ਨੂੰ ਰੱਦ ਕਰਦਾ ਹੈ। ਇਸ ਲਈ ਉਸਦਾ ਮਾਨਵਵਾਦ ਪਿਛਾਂਹ ਖਿੱਚੂ ਨਹੀਂ ਸਗੋਂ ਸੇਖੋਂ ਮੁਤਾਬਕ ਉਸਦਾ ਕਲਾ ਸਿਧਾਂਤ 'ਅਗਰਗਾਮੀ ਮਾਨਵਵਾਦ' ਹੈ।[50]

ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਬਾਅਦ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਵਿਰਕ ਨੇ ਪਿੰਡ ਦੇ ਦ੍ਰਿਸ਼ 'ਤੇ ਆਰਥਕ ਆਧਾਰ 'ਤੇ ਵੰਡੇ ਸਾਰੇ ਵਰਗਾਂ ਦੇ ਜੀਵਨ ਦਾ ਸੰਕੇਤਕ ਪਰ ਪ੍ਰਮਾਣਿਕ ਚਿਤਰ ਉਲੀਕਿਆ ਹੈ। ਵਿਰਕ ਦੀ ਵਿਸ਼ੇਸ਼ਤਾ ਹੈ ਕਿ ਉਹ ਕਿਸੇ ਵੀ ਵਿਅਕਤੀ ਦੀਆਂ ਖ਼ਾਮੀਆਂ ਜਾਂ ਕਮਜ਼ੋਰੀਆਂ ਨੂੰ ਸਮੇਂ ਤੇ ਹਾਲਾਤ ਦੀ ਦੇਣ ਸਮਝਦਾ ਹੈ ਤੇ ਇਨ੍ਹਾਂ ਕਮਜ਼ੋਰੀਆਂ ਕਾਰਣ ਕੋਈ ਵੀ ਪਾਤਰ ਉਸਦੇ ਗੁੱਸੇ ਜਾਂ ਨਫ਼ਰਤ ਦਾ ਪਾਤਰ ਨਹੀਂ ਬਣਦਾ, ਉਹ ਆਪਣੇ ਪਾਤਰਾਂ ਨਾਲ ਡੂੰਘੀ ਨਿੱਜੀ ਸਾਂਝ ਪਾ ਕੇ ਉਨ੍ਹਾਂ ਨੂੰ ਇਉਂ ਪੇਸ਼ ਕਰਦਾ ਹੈ ਕਿ ਉਨ੍ਹਾਂ ਦੀਆਂ ਥੁੜ੍ਹਾਂ, ਤਰੁੱਟੀਆਂ ਤੇ ਹਾਰਾਂ ਦੇ ਬਾਵਜੂਦ ਸਾਨੂੰ ਉਨ੍ਹਾਂ ਨਾਲ ਪਿਆਰ ਪਾਣੋਂ ਸੰਕੋਚ ਨਹੀਂ ਹੁੰਦਾ।[51] ਉਸਦੀਆਂ ਕਹਾਣੀਆਂ ਦੇ ਛੜੇ, ਚੋਰ ਤੇ ਫੈਲਸੂਫ਼ ਕਿਸਮ ਦੇ ਆਦਮੀ ਵੀ ਆਪਣੀਆਂ ਸੀਮਾਵਾਂ ਦੇ ਬਾਵਜੂਦ ਪਿਆਰਨਯੋਗ ਬਣੇ ਰਹਿੰਦੇ ਹਨ।

ਕੁਲਵੰਤ ਸਿੰਘ ਵਿਰਕ ਦੀ ਪਹਿਲੀ ਕਹਾਣੀ 'ਚਾਚਾ' ਇਕ ਛੜੇ ਕਿਸਾਨ ਬਾਰੇ ਹੈ। ਬਾਲ ਸਿੰਘ ਦਾ ਨਾਂ ਦਾ ਇਹ ਪਾਤਰ ਵੱਡੀ ਉਮਰ ਦਾ ਹੋਣ ਕਰਕੇ ਵਾਗੀ ਮੁੰਡਿਆਂ ਦਾ ਭਾਈਚਾਰਕ ਰਿਸ਼ਤੇ ਵਿਚ ਤਾਂ ਤਾਇਆ ਲੱਗਦਾ ਹੈ ਪਰ ਉਹ ਆਪਣੇ ਆਪ ਨੂੰ ਹਮੇਸ਼ਾ ਚਾਚਾ ਅਖਵਾ ਕੇ ਹੀ ਖੁਸ਼ ਹੁੰਦਾ ਹੈ। ਇਹ ਪਾਤਰ ਸ਼ਰਾਬ ਕੱਢ ਕੇ ਵੇਚਦਾ ਹੈ। ਔਰਤਾਂ ਦੀਆਂ ਗੱਲਾਂ ਕਰਕੇ ਸਵਾਦ ਲੈਂਦਾ ਹੈ।

ਖਿਆਲੀ ਸੰਸਾਰ ਉਸਾਰਦਾ ਹੋਇਆ ਉਹ ਆਪਣੇ ਵਿਆਹੇ ਹੋਣ ਦੀਆਂ ਕਹਾਣੀਆਂ ਘੜ ਕੇ ਵਾਗੀ ਮੁੰਡਿਆਂ ਨੂੰ ਸੁਣਾਉਂਦਾ ਹੈ। ਇਨ੍ਹਾਂ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ ਉਹ ਕਹਾਣੀਕਾਰ ਦੀ ਮਾਨਵੀ ਸੁਹਿਰਦਤਾ ਦਾ ਪਾਤਰ ਬਣਿਆ ਰਹਿੰਦਾ ਹੈ। ਇਸਦਾ ਕਾਰਣ ਲੇਖਕ ਦੀ ਉਲਾਰ ਭਾਵੁਕਤਾ ਨਹੀਂ, ਮਨੁੱਖ ਦੀਆਂ ਸਰਵ ਵਿਆਪੀ ਤੇ ਸਮਾਨਯ ਲੋੜਾਂ ਦੀ ਵਿਗਿਆਨਕ ਸੋਝੀ ਹੈ।[52] ਅਸਲ ਵਿਚ ਬਾਲ ਸਿੰਘ ਦਾ ਇਹ ਸਮੁੱਚਾ ਵਤੀਰਾ ਔਰਤ ਦਾ ਸਾਥ ਨਾ ਮਾਣ ਸਕਣ ਦੀ ਅਤ੍ਰਿਪਤੀ ਦੀ ਪੈਦਾਵਾਰ ਹੈ। ਖੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਅਤ੍ਰਿਪਤੀ ਉਸਨੂੰ ਉਲਾਰ ਜਾਂ ਵਿਸ਼ਾਦਗ੍ਰਸਤ ਨਹੀਂ ਬਣਾਉਂਦੀ ਸਗੋਂ ਉਹ ਸਾਧਾਰਨ ਮਨੁੱਖ ਵਜੋਂ ਆਪਣੇ ਵਿਹਾਰ ਰਾਹੀਂ ਸਭ ਕੁਝ ਸਹਿੰਦਾ ਤੇ ਪ੍ਰਗਟਾਉਂਦਾ ਹੈ। ‘ਛਾਹ ਵੇਲਾ’ ਦਾ ਤੇਜੂ ਔਰਤ ਦੇ ਸਾਥ ਤੋਂ ਵਿਹੂਣਾ ਹੋਣ ਕਰਕੇ ਜ਼ਿੰਦਗੀ ਤੋਂ ਨਿਰਾਸ਼, ਬੇਹਿੱਸ ਤੇ ਬੇਵੱਸ ਮਹਿਸੂਸ ਕਰਨ ਲੱਗ ਪੈਂਦਾ ਹੈ। ਪਰ ਜਦੋਂ ਹੀ ਸ਼ਰੀਕੇ ’ਚੋਂ ਲੱਗਦੀ ਭਰਜਾਈ ਵੱਲੋਂ ਉਸਨੂੰ ਸਵੀਕ੍ਰਿਤੀ ਮਿਲਦੀ ਹੈ ਤਾਂ ਉਸਦੇ ਅੰਦਰ ਇਕ ਗੁਣਾਤਮਕ ਪਰਿਵਰਤਨ ਵਾਪਰ ਜਾਂਦਾ ਹੈ। ਜ਼ਿੰਦਗੀ ਤੇ ਕੰਮ ਨਾਲ ਉਸਦਾ ਰਿਸ਼ਤਾ ਸਕਾਰਾਤਮਕ ਢੰਗ ਨਾਲ ਜੁੜ ਜਾਂਦਾ ਹੈ। ਇੰਜ ਵਿਰਕ ਇਸ ਮਨੋਵਿਗਿਆਨ ਸੂਤਰ ਨੂੰ ਪੁਸ਼ਟ ਕਰਦਾ ਹੈ ਕਿ ਔਰਤ ਮਰਦ ਇਕ ਦੂਜੇ ਦੇ ਸਾਥ ਵਿਚ ਹੀ ਸੰਤੁਲਿਤ ਤੇ ਸੰਪੂਰਨ ਹੋ ਸਕਦੇ ਹਨ।

‘ਓਪਰੀ ਧਰਤੀ’ ਦਾ ਹਜ਼ਾਰਾ ਸਿੰਘ ਚੋਰ ਹੈ। ਪਰ ਵਿਰਕ ਲਈ ਅਸਮਾਜਕ ਕੰਮ ਕਰਨ ਵਾਲਾ ਹਜ਼ਾਰਾ ਸਿੰਘ ਹਮਦਰਦੀ ਦਾ ਪਾਤਰ ਹੈ। ਵਿਰਕ ਉਸਦੇ ਚੋਰ ਹੋਣ ਦੀ ਬੁਰਾਈ ’ਤੇ ਫੋਕਸ ਨਹੀਂ ਕਰਦਾ। ਹਜ਼ਾਰਾ ਸਿੰਘ ਸਿਰਫ਼ ਵਿਰਕ ਦੀ ਨਹੀਂ ਪਾਠਕ ਦੀ ਹਮਦਰਦੀ ਦਾ ਵੀ ਪਾਤਰ ਹੋ ਨਿਬੜਦਾ ਹੈ ਜਦੋਂ ਵਿਰਕ ਉਸਦੇ ਚੋਰੀ ਕਰਨ ਦੇ ਹੁਨਰ ਨੂੰ ਦੇਸ਼ ਵੰਡ ਦੇ ਦਰਦ ਨਾਲ ਜੋੜ ਦੇਂਦਾ ਹੈ। ਪਾਕਿਸਤਾਨ ਵਿਚ ਰਹਿ ਗਏ ਇਲਾਕੇ ਵਿਚ ਸਫ਼ਲ ਚੋਰੀਆਂ ਕਰਨ ਵਾਲੇ ਹਜ਼ਾਰਾ ਸਿੰਘ ਦਾ ਉਸ ਧਰਤੀ ਉੱਤੇ ਚੋਰੀ ਕਰਨ ਲਈ ਪੈਰ ਹੀ ਨਹੀਂ ਉੱਠਦਾ, ਜਿਸ ਨਵੀਂ ਧਰਤੀ ’ਤੇ ਉਹ ਪਾਕਿਸਤਾਨੋਂ ਉੱਜੜ ਕੇ ਆ ਵੱਸੇ ਹਨ। ਇੰਜ ਇਹ ਕਹਾਣੀ ਇਕ ਚੋਰ ਦੀ ਕਹਾਣੀ ਨਾ ਰਹਿ ਕੇ ਦੇਸ਼ ਵੰਡ ਨਾਲ ਹੋਈ ਉਥਲ-ਪੁਥਲ ’ਤੇ ਦੁਖਾਂਤਕ ਵਿਅੰਗ ਹੋ ਨਿਬੜਦੀ ਹੈ। ਆਪਣੀ ਜੰਮਣ ਭੋਇੰ

ਤਾਂ ਉਹ ਲੋਕ ਪਰਾਈ ਹੋ ਜਾਣ ਕਰਕੇ ਛੱਡ ਆਏ ਹਨ ਪਰ ਇਹ ਨਵੀਂ ਧਰਤੀ ਵੀ ਅਜੇ ਆਪਣੀ ਨਹੀਂ ਬਣੀ। ਇਸ ਤਰ੍ਹਾਂ ਕਹਾਣੀ ਵਿਚ ਉਸ ਵਕ਼ਫ਼ੇ ਵਿਚਲੀ ਅਣਕਹੀ ਲੰਮੀ ਪੀੜ ਪਈ ਹੈ ਜਿਸ ਵਕ਼ਫ਼ੇ ਵਿਚ ਹੌਲੀ-ਹੌਲੀ ਪੁਰਾਣੀ ਧਰਤੀ ਨੂੰ ਭੁਲਾਉਣ ਦਾ ਯਤਨ ਕਰਨਾ ਹੈ ਤੇ ਨਵੀਂ ਧਰਤੀ ਉੱਤੇ ਪੈਰ ਜਮਾਉਣ ਦੀ ਕੋਸ਼ਿਸ਼ ਕਰਨੀ ਹੈ। ਕਹਾਣੀ ਵਿਚ ਕੇਵਲ ਹਵਾਲਾ ਹੀ ਚੋਰ ਦਾ ਹੈ ਪਰ ਮਸਲਾ ਦੇਸ਼ ਵੰਡ ਨਾਲ ਧਰਤੀਆਂ ਦੇ ਅਦਲ-ਬਦਲ ਨਾਲ ਜੁੜੀ ਡੂੰਘੀ ਤੇ ਵਿਆਪਕ ਪੀੜ ਦਾ ਅਤੇ ਇਸ ਵੰਡ ਨੂੰ ਧੁਰ ਅੰਦਰੋਂ ਅਸਵੀਕਾਰ ਕਰਨ ਦਾ ਹੈ।

ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਪਿੰਡਾਂ ਵਿਚ ਮਿਲਦੇ ਵਿਭਿੰਨ ਕਿਸਮ ਦੇ ਪਾਤਰਾਂ ਦੇ ਯਥਾਰਥਕ ਚਿਤਰ ਉਲੀਕੇ ਹਨ। ਅਜਿਹੇ ਹੀ ਵਿਭਿੰਨ ਪਾਤਰਾਂ ਵਿਚੋਂ ਇਕ ਵੰਨਗੀ ਫੈਲਸੂਫ਼ ਕਿਸਮ ਦੇ ਲੋਕਾਂ ਦੀ ਹੈ ਜੋ ਬਣ ਤਣ ਕੇ ਰਹਿਣ ਦੇ ਆਦੀ ਹੁੰਦੇ ਹਨ ਤੇ ਪਿੰਡ ਵਿਚ ਕੋਈ ਵੀ ਸਰਕਾਰੀ ਅਫ਼ਸਰ ਜਾਂ ਕਰਮਚਾਰੀ ਹੋਵੇ ਇਹ ਉਸ ਇਕੱਠ ਵਿਚ ਅੱਗੇ ਹੋ ਕੇ ਬਹਿਣ ਦੀ ਕੋਸ਼ਿਸ਼ ਕਰਦੇ ਹਨ ਤੇ ਇਸ ਚੌਧਰ ਦੀ ਖ਼ਾਤਰ ਉਹ ਖੇਤੀ ਬਾੜੀ ਦੇ ਮੁੱਸ਼ਕਤ ਭਰੇ ਕੰਮ ਤੋਂ ਵੀ ਬਚੇ ਰਹਿੰਦੇ ਹਨ। 'ਦੁੱਧ ਦਾ ਛੱਪੜ' ਦਾ ਪਾਤਰ ਦਿਆਲ ਇਸੇ ਹੀ ਕਿਸਮ ਦਾ ਪਾਤਰ ਹੈ। ਖੇਤੀਬਾੜੀ ਦਾ ਮੁਸ਼ੱਕਤ ਭਰਿਆ ਕੰਮ ਉਸਦਾ ਸ਼ਰੀਕ ਭਰਾ ਲਾਲ ਕਰਦਾ ਹੈ, ਪਰ ਉਨ੍ਹਾਂ ਦੇ ਲਾਣੇ ਦਾ ਨਾਂ ਦਿਆਲ ਦੇ ਨਾਂ 'ਤੇ ਹੀ ਵੱਜਦਾ ਹੈ। ਜਦੋਂ ਖੇਤਾਂ ਵਿਚ ਕੋਈ ਲੁਹਾਰਾਂ ਦਾ ਮੁੰਡਾ ਕਣਕ ਦੀ ਭਰੀ ਦਿਆਲ ਦੇ ਖਲਵਾੜੇ ਤੋਂ ਲਿਆਂਦੀ ਦੱਸਦਾ ਹੈ ਤਾਂ ਉੱਥੇ ਬੈਠਾ ਲਾਲ ਇਸ ਨੂੰ ਦਿਲ 'ਤੇ ਲਾ ਲੈਂਦਾ ਹੈ ਕਿ ਇੰਜ ਤਾਂ ਉਸਦਾ ਭੁਇੰ ਭਾਂਡੇ ਤੋਂ ਨਾਂ ਹੀ ਮਿਟ ਜਾਵੇਗਾ ਤੇ ਉਹ ਦਿਆਲ ਨਾਲੋਂ ਵਾਹੀ ਦੀ ਸਾਂਝ-ਭਿਆਲੀ ਤੋੜਨ ਦਾ ਮਨ ਬਣਾ ਲੈਂਦਾ ਹੈ।[53]

ਪਿੰਡਾਂ ਵਿਚ ਇਕ ਵੰਨਗੀ ਗੱਪੀ ਪਾਤਰਾਂ ਦੀ ਵੀ ਹੁੰਦੀ ਹੈ ਜੋ ਹਰ ਗੱਲ ਵਧਾ-ਚੜ੍ਹਾਕੇ ਪੇਸ਼ ਕਰਦੇ ਹਨ। ਉਨ੍ਹਾਂ ਦੀਆਂ ਗੱਲਾਂ ਵਿਚਲਾ ਝੂਠ ਏਨਾ ਜ਼ਾਹਰਾ ਹੁੰਦਾ ਹੈ ਕਿ ਸੁਣਨ ਵਾਲਾ ਉਸਨੂੰ ਤੁਰੰਤ ਸਮਝ ਜਾਂਦਾ ਹੈ ਤੇ ਅੰਦਰੇ-ਅੰਦਰ ਉਸ ਝੂਠ ਦਾ ਮਜ਼ਾ ਲੈਂਦਾ ਹੈ। ਵਿਰਕ ਆਪਣੇ ਸੁਭਾਅ ਅਨੁਸਾਰ ਅਜਿਹੇ ਗੱਪੀਆਂ ਦੀ ਗੱਪ ਨੂੰ ਕਿਸੇ ਨਫ਼ਰਤ ਭਾਵ ਨਹੀਂ ਵੇਖਦਾ ਸਗੋਂ ਇਸਦਾ ਅਨੰਦ

ਮਾਣਦਾ ਹੈ ਤੇ ਪਾਠਕ ਅਜਿਹੇ ਲੋਕਾਂ ਦੇ ਮਾਸੂਮ ਝੂਠ ਸੁਣ ਕੇ ਉਸਦੇ ਭੋਲੇਪਣ ਤੇ ਮੁਸਕਰਾਉਂਦਾ ਹੈ। ਵਿਰਕ ਦੀਆਂ ਕਹਾਣੀਆਂ ਵਿਚ ਅਜਿਹੇ ਪਾਤਰ ਅਕਸਰ ਮਿਲ ਜਾਂਦੇ ਹਨ। 'ਮੂਹਲੀ ਜਿੱਡੇ ਡੌਲੇ' ਦਾ ਖੜਕੂ ਅਜਿਹਾ ਹੀ ਪਾਤਰ ਹੈ ਜੋ ਆਪਣੇ ਪਿੰਡਾਂ ਵੱਲ ਔੜ ਲੱਗ ਜਾਣ ਕਰਕੇ ਤੇ ਚਰਾਂਦਾ ਸੁੱਕ ਜਾਣ ਕਰਕੇ ਆਪਣੇ ਡੰਗਰ ਚਾਰਨ ਅਤੇ ਸਾਂਭਣ ਲਈ ਆਪਣੇ ਨਾਨਕੇ ਪਿੰਡ ਲੈ ਜਾਂਦਾ ਹੈ, ਕਿਉਂਕਿ ਉਹ ਪਿੰਡ ਦਰਿਆ ਦੇ ਕੰਢੇ ਹੋਣ ਕਰਕੇ ਉੱਥੇ ਘਾਹ ਦੀ ਕੋਈ ਕਮੀ ਨਹੀਂ। ਆਪਣੇ ਨਾਨਕੇ ਗਵਾਂਢ ਰਹਿੰਦੀ ਕੁੜੀ ਨੂੰ ਪ੍ਰਭਾਵਿਤ ਕਰਨ ਲਈ ਉਹ ਪਿੱਛੇ 'ਕਿੱਲਿਆਂ ਦੇ ਕਿੱਲੇ ਮੈਣੇ ਦੇ ਸੁੱਕ ਜਾਣ ਦਾ'[54] ਮਾਸੂਮ ਝੂਠ ਉਸ ਕੁੜੀ ਕੋਲ ਬੋਲਦਾ ਹੈ ਤਾਂ ਪਾਠਕ ਉਸਦੇ ਇਸ ਮਾਸੂਮ ਝੂਠ ਤੇ ਸਿਰਫ਼ ਮੁਸਕਰਾ ਹੀ ਸਕਦਾ ਹੈ। ਇਸੇ ਤਰ੍ਹਾਂ ਚਾਚਾ ਕਹਾਣੀ ਦਾ ਪਾਤਰ ਬਾਲ ਸਿੰਘ ਛੜਾ ਹੋਣ ਦੇ ਬਾਵਜੂਦ ਬਾਹਰਲਿਆਂ ਸਾਹਮਣੇ ਆਪਣੇ ਕਬੀਲਦਾਰ ਹੋਣ ਦਾ ਪ੍ਰਭਾਵ ਦੇਣ ਲਈ ਝੂਠ ਬੋਲਦਾ ਹੈ, ''ਏਥੇ ਮੇਰੇ ਪੱਲੇ ਵੀ ਬੰਨ੍ਹੀ ਉਏ ਚਵਾਨੀ ਦੀਆਂ, ਐਵੇਂ ਅੰਞਾਣੇ ਰੋ ਰੋ ਕੇ ਮੋਢਿਆਂ 'ਤੇ ਪਏ ਚੜ੍ਹਦੇ ਨੇ।''[55] ਉਸਦੀ ਹਕੀਕਤ ਜਾਨਣ ਵਾਲਾ ਪਾਠਕ ਉਸਦੇ ਇਸ ਝੂਠ ਨੂੰ ਬੁਰਾ ਨਹੀਂ ਸਮਝਦਾ, ਸਗੋਂ ਉਸਦੇ ਮਨ ਵਿਚ ਬਾਲ ਸਿੰਘ ਪ੍ਰਤਿ ਹਮਦਰਦੀ ਦੇ ਭਾਵ ਪੈਦਾ ਹੁੰਦੇ ਹਨ ਕਿਉਂਕਿ ਪਾਠਕ ਜਾਣਦਾ ਹੈ ਕਿ ਬਾਲ ਸਿੰਘ ਔਰਤ ਦੇ ਸਾਥ ਦੇ ਵਿਗੋਚੇ ਵਿਚ ਅਤ੍ਰਿਪਤੀ ਹੰਢਾ ਰਿਹਾ ਹੈ ਤੇ ਅਜਿਹਾ ਝੂਠ ਉਹ ਆਪਣੇ ਮਾਨਸਿਕ ਸਕੂਨ ਲਈ ਬੋਲ ਰਿਹਾ ਹੈ।

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਸਮੇਂ ਵਿਚ ਖੇਤੀ ਨਿਰੋਲ ਸਰੀਰਕ ਮੁੱਸ਼ਕਤ ਵਾਲਾ ਧੰਦਾ ਸੀ। ਉਸ ਸਮੇਂ ਦੁੱਧ-ਘਿਓ ਖਾਣ-ਪੀਣ ਨੂੰ ਖੁੱਲ੍ਹਾ ਮਿਲ ਜਾਂਦਾ ਸੀ। ਲੋਕ ਸਰੀਰਕ ਤੌਰ 'ਤੇ ਤਾਕਤਵਰ ਤੇ ਮਿਹਨਤੀ ਸਨ। 'ਮੂਹਲੀ ਜਿੱਡੇ ਡੌਲੇ' ਦਾ ਖੜਕੂ ਜਵਾਨ ਤੇ ਤਗੜੇ ਸਰੀਰ ਦਾ ਮਾਲਕ ਹੈ। ਉਸਦੇ ਡੌਲੇ ਉਸਦੀ ਪ੍ਰੇਮਿਕਾ ਨੂੰ ਵੀ ਪ੍ਰਭਾਵਿਤ ਕਰਦੇ ਹਨ।[56] ਏਨਾ ਹੀ ਨਹੀਂ ਇਹਨਾਂ ਲੋਕਾਂ ਨੂੰ ਵੀ ਆਪਣੇ ਬਾਹੂਬਲ 'ਤੇ ਮਾਣ ਸੀ। ਉਹ ਲੜਨ-ਭਿੜਨ ਤੋਂ ਵੀ ਪਿੱਛੇ ਨਹੀਂ ਸੀ ਰਹਿੰਦੇ। ਵਿਰਕਾਂ ਬਾਰੇ ਤਾਂ ਲੇਖਕ ਦਾ ਮੱਤ ਹੈ ਕਿ ਉਹ ਕੁਝ ਵਧੇਰੇ ਹੀ ਤਕੜੇ ਸਨ ਤੇ ਇਸ ਦਾ ਜ਼ਿਕਰ ਉਹ ਆਪਣੀ ਕਹਾਣੀ 'ਮੁਕਤਸਰ' ਵਿਚ ਵੀ ਕਰਦਾ ਹੈ, ''ਵਿਰਕਾਂ ਦੀ

ਵੀਣੀ 'ਤੇ ਤਾਂ ਸਾਰੇ ਅੰਮ੍ਰਿਤਸਰ ਵਿਚੋਂ ਕਦੀ ਕੋਈ ਕੜਾ ਹੀ ਪੂਰਾ ਨਹੀਂ ਆਇਆ। ਵਿਰਕਾਂ ਨੂੰ ਤੇ ਮਹਾਰਾਜਾ ਰਣਜੀਤ ਸਿੰਘ ਵੀ ਆਪਣਾ ਰਾਜ ਨਹੀਂ ਸੀ ਮੰਨਵਾ ਸਕਿਆ।''[57] 'ਤੂੜੀ ਦੀ ਪੰਡ' ਦਾ ਬਹਾਦਰ ਸਿੰਘ ਡਾਂਗ ਸੋਟੇ ਦੀ ਲੜਾਈ ਦਾ ਸੂਰਮਾ ਹੈ। 'ਉਜਾੜ' ਦਾ ਆਲਾ ਸਿੰਘ ਸਰੀਰਕ ਤੌਰ 'ਤੇ ਏਨਾ ਤਾਕਤਵਰ ਹੈ ਕਿ ਆਸਪਾਸ ਦੇ ਇਲਾਕੇ ਦੇ ਲੋਕ ਉਸਤੋਂ ਭੈਅ ਖਾਂਦੇ ਹਨ। ਇੱਥੋਂ ਤੱਕ ਕਿ ਉਸਦੀਆਂ ਜ਼ਿਆਦਤੀਆਂ ਦੇ ਬਾਵਜੂਦ ਚੁੱਪ ਰਹਿੰਦੇ ਹਨ ਅਤੇ ਸਨਮਾਨ ਵਜੋਂ ਉਸਦੀ ਪੁਆਂਦੀ ਬੈਠਦੇ ਹਨ।[58]

ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਕਾਲ ਦੇ ਪ੍ਰਵਾਹ ਨੂੰ ਉਸਦੀ ਸਮੁੱਚਤਾ ਵਿਚ ਪਕੜਨ ਤੇ ਪੇਸ਼ ਕਰਨ ਦਾ ਯਤਨ ਕਰਦਾ ਹੈ। ਜਿੱਥੇ ਉਹ ਆਲਾ ਸਿੰਘ, ਬਹਾਦਰ ਸਿੰਘ ਜਾਂ ਬਲਕਾਰ ਸਿੰਘ ਵਰਗੇ ਜਾਗੀਰਦਾਰ ਸਮਾਜ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਪ੍ਰਤਿਨਿਧ ਕਿਰਦਾਰ ਪੇਸ਼ ਕਰਦਾ ਹੈ ਉੱਥੇ ਨਵੀਂ ਵਿਦਿਆ ਪ੍ਰਾਪਤ ਸ਼੍ਰੇਣੀ ਨੂੰ ਵੀ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਇੰਝ ਹੀ ਉਹ ਪਿੰਡ ਤੋਂ ਉੱਠ ਕੇ ਸ਼ਹਿਰ ਜਾ ਵੱਸੇ ਬੰਦਿਆਂ ਦੇ ਜੀਵਨ ਬਾਰੇ ਵੀ ਪ੍ਰਮਾਣਿਕ ਵੇਰਵੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਿਆਂ ਇਸ ਤੱਥ ਨੂੰ ਪ੍ਰਗਟਾਉਂਦਾ ਹੈ ਕਿ ਬੰਦਾ ਜਿਸ ਚੌਗਿਰਦੇ ਤੇ ਮਾਹੌਲ ਵਿਚ ਬਚਪਨ ਤੋਂ ਪਲਦਾ ਹੈ, ਵੱਡਾ ਹੁੰਦਾ ਤੇ ਵਿਸ਼ੇਸ਼ ਜੀਵਨ ਮਰਿਆਦਾ ਨੂੰ ਗ੍ਰਹਿਣ ਕਰਦਾ ਹੈ ਉਹ ਮਾਹੌਲ ਤੇ ਮਰਿਆਦਾ ਉਸਦੇ ਸਮੂਹਿਕ ਅਵਚੇਤਨ ਦਾ ਹਿੱਸਾ ਬਣ ਜਾਂਦੇ ਹਨ। 'ਦੋ ਆਨੇ ਦਾ ਘਾਹ' ਦੇ ਬੂਟਾ ਸਿੰਘ ਦਾ ਪਿਛੋਕੜ ਭਾਵੇਂ ਪੇਂਡੂ ਕਿਸਾਨੀ ਨਾਲ ਸੰਬੰਧਿਤ ਹੈ, ਪਰ ਇਸ ਵਕਤ ਉਹ ਆਪਣੇ ਸ਼ਹਿਰ ਦਾ ਇਕ ਸਨਮਾਨਿਤ ਵਿਅਕਤੀ ਹੈ ਜਿਸਨੇ ਜੀਵਨ ਜਿਊਣ ਦੇ ਸਾਰੇ ਨਵੇਂ ਰੰਗ-ਢੰਗ ਸਿੱਖ ਲਏ ਹੋਏ ਹਨ। ਪਰ ਅਜੇ ਵੀ ਉਸਦੇ ਧੁਰ ਅੰਦਰ ਉਸਦਾ ਪੇਂਡੂ ਵਿਹਾਰ ਛੁਪਿਆ ਹੋਇਆ ਹੈ ਜੋ ਗਵਾਂਢੀ ਦੀ ਆਪਣੇ ਲਾਨ ਵਿਚੋਂ ਘਾਹ ਚਰ ਰਹੀ ਮੱਝ ਨੂੰ ਡਰਾ ਕੇ ਭਜਾਉਣ ਤੋਂ ਜ਼ਾਹਰ ਹੋ ਜਾਂਦਾ ਹੈ। ਗਵਾਂਢੀ ਦੇ ਵੇਖ ਲੈਣ ਕਰਕੇ ਭਾਵੇਂ ਬੂਟਾ ਸਿੰਘ ਨੂੰ ਸ਼ਰਮਿੰਦਗੀ ਹੁੰਦੀ ਹੈ, ਪਰ ਇਹ ਉਸਦੇ ਉਸ ਪੇਂਡੂ ਅਵਚੇਤਨ ਦਾ ਹਿੱਸਾ ਹੈ, ਜੋ ਅਚੇਤ

ਹੀ ਉਜਾਗਰ ਹੋ ਜਾਂਦਾ ਹੈ। ਇਸੇ ਤਰ੍ਹਾਂ 'ਬੈਰਿਸਟਰ ਸਾਹਿਬ' ਕਹਾਣੀ ਵਿਚ ਸ਼ਹਿਰੀ ਬਣਤਰ ਅਨੁਸਾਰ ਢਲ ਗਏ ਬੈਰਿਸਟਰ ਸਾਹਿਬ ਦੇ ਪੇਂਡੂ ਰਿਸ਼ਤੇਦਾਰਾਂ ਨਾਲ ਰਿਸ਼ਤਗੀ ਦੇ ਤਣਾਉ ਨੂੰ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਹੋਰ ਤਾਂ ਹੋਰ ਉਸਦੀ ਮਾਂ ਵੀ ਜਦੋਂ ਉਸਦਾ ਸਿਰ ਘੁੱਟਦੀ ਹੈ ਤਾਂ ਉਸਨੂੰ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਆਪਣੇ ਪੁੱਤਰ ਦਾ ਨਹੀਂ ਕਿਸੇ ਬੈਰਿਸਟਰ ਦਾ ਸਿਰ ਘੁੱਟ ਰਹੀ ਹੈ। ਬੈਰਿਸਟਰ ਰਿਸ਼ਤੇ ਵਿਚਲੀ ਵਿੱਥ ਨੂੰ ਘਟਾ ਕੇ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨਾਲ ਆਪਣੇ ਰਿਸ਼ਤੇ ਨੂੰ ਸਹਿਜ ਬਣਾਉਣ ਦਾ ਸੁਚੇਤ ਯਤਨ ਕਰਦਾ ਹੈ, ਪਰ ਇਹ ਵਿੱਥ ਬਣੀ ਹੀ ਰਹਿੰਦੀ ਹੈ।

ਵਿਰਕ ਦੀਆਂ ਹੋਰ ਵੀ ਕਈ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਵਿਚ ਕਿਸਾਨੀ ਸਮਾਜ ਦੇ ਜਾਗੀਰੂ ਪੁੱਠ ਵਾਲੇ ਸੰਸਕਾਰ ਅਤੇ ਸ਼ਹਿਰੀ ਜੀਵਨ ਵਿਚੋਂ ਪ੍ਰਾਪਤ ਆਜ਼ਾਦੀ ਅਤੇ ਉਸ ਆਜ਼ਾਦੀ ਤੋਂ ਸੰਚਾਲਤ ਪਾਤਰਾਂ ਦੇ ਵਿਹਾਰ ਵਿਚ ਟਕਰਾਓ ਅਤੇ ਤਣਾਓ ਉਪਜਦਾ ਹੈ। ਕਿਤੇ ਤਾਂ ਪੇਂਡੂ ਮਾਨਸਿਕਤਾ ਵਾਲਾ ਪਾਤਰ ਸ਼ਹਿਰੀ ਜੀਵਨ ਮੁੱਲਾਂ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ ਤੇ ਕਿਤੇ ਅਣਮੰਨੇ ਮਨ ਨਾਲ ਉਸਨੂੰ ਨਵੀਂ ਤਬਦੀਲੀ ਨੂੰ ਸਵੀਕਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਜਾਗੀਰੂ ਮਾਨਸਿਕਤਾ ਵਾਲਾ 'ਪਲਟਾ' ਕਹਾਣੀ ਦਾ ਕਿਰਦਾਰ ਵਲਾਇਤ ਤੋਂ ਵਾਪਸ ਆਉਂਦਾ ਹੈ ਤਾਂ ਆਪਣੇ ਨਾਲ ਨਵੀਂ ਚੇਤਨਾ ਲੈ ਕੇ ਵੀ ਮੁੜਦਾ ਹੈ। ਭਰਾ ਦੇ ਜਾਗੀਰੂ ਵਿਹਾਰ ਤੋਂ ਜਾਣੂ ਤੇ ਭੈਅ-ਭੀਤ ਭੈਣ ਦੀਆਂ ਆਸਾਂ ਤੋਂ ਉਲਟ ਇਸ ਕਹਾਣੀ ਵਿਚਲਾ ਭਰਾ ਆਪਣੀ ਭੈਣ ਨੂੰ ਉਸਦੇ ਜੀਵਨ ਸਾਥੀ ਦੀ ਚੋਣ ਕਰਨ ਦੀ ਖੁਲ੍ਹ ਦੇਂਦਾ ਹੈ। 'ਘੁੰਡ' ਕਹਾਣੀ ਵਿਚਲੀ ਮਾਂ ਸ਼ਹਿਰ ਨੌਕਰੀ ਕਰਦੀ ਧੀ ਕੋਲ ਰਹਿੰਦੀ ਹੈ। ਮਾਂ ਆਰਥਕ ਤੌਰ 'ਤੇ ਉਸ 'ਤੇ ਨਿਰਭਰ ਹੈ। ਕਿਸਾਨੀ ਸਮਾਜ ਦੇ ਜੀਵਨ ਮੁੱਲਾਂ ਅਨੁਸਾਰ ਮਾਂ ਨੂੰ ਕਿਸੇ ਪਰਾਏ ਮੁੰਡੇ ਨਾਲ ਧੀ ਦੇ ਖੁੱਲ੍ਹੇ ਸੰਬੰਧ ਪ੍ਰਵਾਨ ਨਹੀਂ, ਪਰ ਉਸਦੀ ਆਰਥਿਕ ਮਜਬੂਰੀ ਨਾ ਚਾਹੁੰਦਿਆਂ ਵੀ ਇਸ ਰਿਸ਼ਤੇ ਨੂੰ ਅੱਖ ਦਾ ਓਹਲਾ ਕਰਕੇ ਪ੍ਰਵਾਨ ਕਰਨ ਲਈ ਮਜਬੂਰ ਹੈ। ਇਸ ਤਰ੍ਹਾਂ ਵਿਰਕ ਸ਼ਹਿਰੀ ਤੇ ਪਿੰਡ ਦੀਆਂ ਕੀਮਤਾਂ ਦੇ ਦਵੰਦਾਤਮਕ ਰਿਸ਼ਤੇ ਨੂੰ ਬੜੇ ਹੀ ਸੂਖਮ ਤੇ ਕਲਾਤਮਕ ਢੰਗ ਨਾਲ ਨਿਭਾ ਤੇ ਪੇਸ਼ ਕਰ ਸਕਿਆ

ਹੈ। ਜੇ ਉਹ ਇਸ ਤਰ੍ਹਾਂ ਕਰ ਸਕਿਆ ਹੈ ਤਾਂ ਇਸ ਕਰਕੇ ਕਿ ਉਸਨੇ ਆਪਣੇ ਅਨੁਭਵ ਦੀ ਵਿਸ਼ਾਲਤਾ ਨਾਲ ਆਪਣੀ ਦ੍ਰਿਸ਼ਟੀ ਨੂੰ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਵਿਚ ਬਦਲਿਆ ਹੈ। ਉਸਦਾ ਦ੍ਰਿਸ਼ਟੀਕੋਣ ਮਨੋਵਿਗਿਆਨਕ ਤੇ ਸਮਾਜ-ਵਿਗਿਆਨ ਦੇ ਵਿਚਕਾਰ ਇਕ ਸੰਤੁਲਿਤ ਸੰਬੰਧ ਲੱਭਣ ਤੋਂ ਸੰਭਵ ਹੋਇਆ ਹੈ ਤੇ ਇਸੇ ਲਈ ਉਹ ਵਿਅਕਤੀਗਤ ਅਨੁਭਵ ਦੇ ਸਮਾਜ ਪ੍ਰੇਰਕ ਤੇ ਸਮਾਜਕ ਵਿਵਹਾਰ ਤੋਂ ਅਚੇਤ ਮਾਨਸਿਕ ਉਤੇਜਕਾਂ ਦਾ ਪਿਛੋਕੜ ਅੱਖੋਂ ਓਹਲੇ ਨਹੀਂ ਕਰਦਾ।[59]

ਸਾਡੇ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਤੱਤ ਰਾਜਨੀਤੀ ਹੈ। ਵਿਰਕ ਭਾਵੇਂ ਜ਼ਾਹਿਰਾ ਤੌਰ 'ਤੇ ਕਿਸੇ ਵੀ ਰਾਜਨੀਤਿਕ ਪਾਰਟੀ ਵੱਲ ਝੁਕਾਓ ਨਹੀਂ ਦਰਸਾਉਂਦਾ ਪਰ ਉਸਦੀਆਂ ਕਹਾਣੀਆਂ ਵਿਚ ਤਤਕਾਲੀ ਰਾਜਨੀਤੀ ਦੇ ਬਹੁਤ ਸਾਰੇ ਚਿਤਰ ਉਲੀਕੇ ਹੋਏ ਮਿਲਦੇ ਹਨ, ਜੋ ਉਸ ਵੇਲੇ ਦੇ ਕਿਸਾਨੀ ਸਮਾਜ ਉਪਰ ਅਸਰ ਅੰਦਾਜ਼ ਹੋ ਰਹੇ ਸਨ। ਜਿਉਂ ਜਿਉਂ ਸਮਾਜ ਵਿਚ ਰਾਜਨੀਤਿਕ ਚੇਤਨਾ ਦਾ ਪਾਸਾਰ ਹੁੰਦਾ ਹੈ ਤਾਂ ਕਾਂਗਰਸ, ਕਮਿਊਨਿਸਟ ਤੇ ਹੋਰ ਪਾਰਟੀਆਂ ਦਾ ਜੀਵਨ ਵਿਚ ਦਖ਼ਲ ਵਧਣ ਲੱਗਦਾ ਹੈ। ਆਵਾਜਾਈ ਦੇ ਸਾਧਨ ਤੇ ਵਿਦਿਅਕ ਸੰਸਥਾਵਾਂ ਦੇ ਖੁਲ੍ਹਣ ਨਾਲ ਸਮਾਜ ਵਿਚ ਚੇਤਨਾ ਦਾ ਪਾਸਾਰ ਹੋਣ ਲੱਗਾ ਤੇ ਇਸ ਦਾ ਅਸਰ ਪਿੰਡ ਪੱਧਰ 'ਤੇ ਨਿਮਨ ਸ਼੍ਰੇਣੀਆਂ ਤੱਕ ਵੀ ਪਹੁੰਚਣ ਲੱਗਾ। ਇਨ੍ਹਾਂ ਦਾ ਹੀਣ ਭਾਵ ਖ਼ਤਮ ਹੋਣ ਲੱਗਾ ਤੇ ਆਪਣੀ ਹੋਂਦ ਦਾ ਗੌਰਵ ਜਾਗਣ ਲੱਗਾ। ਇਸ ਸ੍ਵੈਮਾਣ ਅਧੀਨ ਉਹ ਹੁਣ ਤਖ਼ਤਪੋਸ਼ਾਂ 'ਤੇ ਜੱਟਾਂ ਦੇ ਬਰਾਬਰ ਬੈਠਣ ਲੱਗੇ। ਰਾਜਨੀਤਿਕ ਤੇ ਸਮਾਜਕ ਮੁੱਦਿਆਂ 'ਤੇ ਉਨ੍ਹਾਂ ਨਾਲ ਬਹਿਸਾਂ ਕਰਨ ਲੱਗੇ। 'ਉੱਜਾੜ' ਕਹਾਣੀ ਵਿਚ ਇਸ ਤਬਦੀਲੀ ਦੇ ਪ੍ਰਮਾਣਿਕ ਹਵਾਲੇ ਮਿਲ ਜਾਂਦੇ ਹਨ। ਦੇਸ਼ ਦੀ ਵੰਡ ਸਮੇਂ ਹੋਈ ਸਾਰੀ ਉਥਲ-ਪੁਥਲ ਪਿੱਛੇ ਭੈੜੀ ਰਾਜਨੀਤੀ ਹੀ ਕਾਰਜਸ਼ੀਲ ਸੀ। ਪੰਜਾਬ ਦੀ ਕਿਸਾਨੀ ਨੂੰ ਦੇਸ਼ ਵੰਡ ਦਾ ਸਭ ਤੋਂ ਵੱਧ ਦਰਦ ਅਤੇ ਉਜਾੜਾ ਭੋਗਣਾ ਪਿਆ। ਵਿਰਕ ਨੇ ਇਸ ਇਤਹਾਸਕ ਘਟਨਾ ਬਾਰੇ ਬਹੁਤ ਸਾਰੀਆਂ ਯਾਦਗਾਰੀ ਕਹਾਣੀਆਂ ਦੀ ਰਚਨਾ ਕੀਤੀ ਹੈ। 'ਉਲ੍ਹਮਾ' ਕਹਾਣੀ ਵਿਚ ਘਰੋਂ-ਬੇਘਰ ਹੋਏ ਬਲਕਾਰ ਸਿੰਘ ਨੂੰ ਜਦੋਂ ਪਿੰਡ ਦੀ ਮੁਸਲਮਾਨ ਔਰਤ ਇਹ ਮਿਹਣਾ ਮਾਰਦੀ ਹੈ ਕਿ ਉਹ ਉਨ੍ਹਾਂ ਸਾਰੇ ਕੰਮੀ ਲੋਕਾਂ ਨੂੰ, ਜੋ ਉਹਦੇ ਪਿੰਡ ਵਿਚ ਵੱਸਦੇ ਸਨ, ਨਿਆਸਰੇ ਛੱਡ

ਕੇ ਕੁੱਪ ਵਿਚ ਕਿਉਂ ਜਾ ਲੁੱਕਿਆ ਏ।[60] ਤਾਂ ਵਿਰਕ ਬੜੇ ਹੀ ਲੁਕਵੇਂ ਤੇ ਸੂਖਮ ਅੰਦਾਜ਼ ਵਿਚ ਗੱਲ ਕਹਿ ਜਾਂਦਾ ਹੈ ਕਿ ਆਮ ਲੋਕਾਂ ਨੂੰ ਤਾਂ ਇਸ ਵੱਡੀ ਤਬਦੀਲੀ ਦਾ ਪਤਾ ਵੀ ਨਹੀਂ ਕਿ ਇਸ ਆਜ਼ਾਦੀ ਨੇ ਕਿਹੜੀ ਤਬਦੀਲੀ ਉਨ੍ਹਾਂ ਦੇ ਜੀਵਨ ਵਿਚ ਲਿਆਂਦੀ ਹੈ।

ਰਾਜਨੀਤਿਕ ਉਥਲ-ਪੁਥਲ ਦਾ ਹੀ ਸਿੱਟਾ ਸੀ ਕਿ ਇਸਦੀ ਮਾਰ ਝੱਲਣ ਵਾਲੇ ਬਹੁਤ ਸਾਰੇ ਲੋਕਾਂ ਕੋਲੋਂ ਤਾਂ ਉਨ੍ਹਾਂ ਦਾ ਹੌਸਲਾ ਵੀ ਗਵਾਚ ਗਿਆ ਤੇ ਨਾਲ ਹੀ ਉਨ੍ਹਾਂ ਦੀ ਮਾਨਵੀ ਪਛਾਣ ਵੀ ਗੁੰਮ-ਗਵਾਚ ਗਈ। ਬੇਸ਼ੱਕ ਇਸ ਉਜਾੜੇ ਤੋਂ ਬਾਅਦ ਲੋਕ 'ਖੱਬਲ' ਵਾਂਗ ਆਪਣੀ ਜੜ੍ਹ ਲਾ ਸਕਣ ਵਿਚ ਕਾਮਯਾਬ ਹੋ ਗਏ, ਪਰ ਉਨ੍ਹਾਂ ਦੁਆਰਾ ਭੋਗੇ ਦੁੱਖਾਂ ਦੇ ਬਹੁਤ ਸਾਰੇ ਵੇਰਵੇ ਵਿਰਕ ਦੀਆਂ ਕਹਾਣੀਆਂ ਵਿਚ ਮਿਲ ਜਾਂਦੇ ਹਨ। 'ਮੈਨੂੰ ਜਾਣਨੈਂ' ਦਾ ਪਾਤਰ ਇਕ ਅਜਿਹਾ ਹੀ ਆਦਮੀ ਹੈ। ਦੇਸ਼ ਵੰਡ ਨਾਲ ਆਪਣੇ ਲੋਕਾਂ ਤੋਂ ਨਿਖੜਿਆ ਵਿਛੜਿਆ ਪਾਤਰ ਜਦੋਂ ਇਹ ਮਹਿਸੂਸ ਕਰਦਾ ਹੈ ਕਿ ਉਹਦੀ ਪਛਾਣ ਵਾਲਾ ਬੰਦਾ ਉਸਨੂੰ ਮਿਲ ਗਿਆ ਹੈ ਤਾਂ ਉਸ ਵਿਚ ਗੁਣਾਤਮਿਕ ਪਰਿਵਰਤਨ ਵਾਪਰਦਾ ਹੈ। ਕਹਾਣੀ ਦਾ ਕੇਂਦਰੀ ਸੂਤਰ ਹੈ ਤਾਂ ਭਾਵੇਂ ਮਨੁੱਖ ਦੇ ਹੋਣ ਅਤੇ ਥੀਣ ਦੀ ਫ਼ਸਲਫ਼ੀ ਪਹੁੰਚ ਨਾਲ ਜੁੜਿਆ ਹੋਇਆ ਪਰ ਉਸ ਪਾਤਰ ਦੀ ਵਰਤਮਾਨ ਹਾਲਤ ਦਾ ਮੁੱਖ ਪ੍ਰੇਰਕ ਰਾਜਨੀਤੀ ਹੀ ਸੀ, ਜਿਸ 'ਤੇ ਲੇਖਕ ਡੂੰਘੀ ਤੇ ਸੂਖਮ ਚੋਟ ਕਰਦਾ ਹੈ।

ਕੁਲਵੰਤ ਸਿੰਘ ਵਿਰਕ ਦੀਆਂ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਫ਼ਿਰਕੂਪੁਣੇ ਤੇ ਸੂਖਮ ਵਿਅੰਗ ਕਰਦਾ ਹੈ। ਪਰ ਉਹ ਇਨ੍ਹਾਂ ਕਹਾਣੀਆਂ ਵਿਚ ਫ਼ਿਰਕੂ ਨਫ਼ਰਤ ਨਾਲ ਭਰੇ ਹੋਏ ਕਿਰਦਾਰਾਂ ਦੇ ਚਿਤਰ ਪੇਸ਼ ਕਰਨ ਤੋਂ ਟੇਢ ਵੱਟ ਜਾਂਦਾ ਹੈ। ਇਸਦੀ ਸਭ ਤੋਂ ਢੁੱਕਵੀਂ ਮਿਸਾਲ ਵਜੋਂ ਵਿਰਕ ਦੀ ਕਹਾਣੀ 'ਖੱਬਲ' ਨੂੰ ਵੇਖਿਆ ਜਾ ਸਕਦਾ ਹੈ। ਇਹ ਕਹਾਣੀ ਦੇਸ਼ ਵੰਡ ਤੋਂ ਛੇਤੀ ਬਾਅਦ ਲਿਖੀ ਗਈ ਹੋਣ ਦੇ ਬਾਵਜੂਦ ਉਸ ਕੱਟੜਤਾ ਨੂੰ ਉਭਾਰਨ ਤੋਂ ਗੁਰੇਜ਼ ਕਰਦੀ ਹੈ ਜੋ ਉਸ ਸਮੇਂ ਸਮੁੱਚੇ ਵਾਤਾਵਰਣ ਵਿਚ ਇਕ ਗਹਿਰੀ ਧੁੰਦ ਵਾਂਗੂੰ ਛਾਈ ਹੋਈ ਸੀ ਤੇ ਜਿਸ ਨੇ ਸਮੁੱਚੀ ਇਨਸਾਨੀਅਤ ਤੇ ਭਾਈਚਾਰਕ ਸਾਂਝਾਂ ਨੂੰ ਧਾਰਮਿਕ ਪਛਾਣ ਤੱਕ ਸੀਮਤ ਕਰ ਦਿੱਤਾ ਹੋਇਆ ਸੀ।

ਆਪਣੀਆਂ ਕਹਾਣੀਆਂ ਵਿਚ ਜਦੋਂ ਲੇਖਕ ਰਾਜਨੀਤੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਹਨ ਤਾਂ ਅਕਸਰ ਹੀ ਉਨ੍ਹਾਂ ਦੀ ਸੁਰ ਉੱਚੀ ਹੋ ਜਾਂਦੀ ਹੈ। ਇਸ ਨਾਲ ਲੇਖਕ ਆਪਣੇ ਉਦੇਸ਼ ਦਾ ਪ੍ਰਚਾਰ ਕਰਨ ਵਿਚ ਤਾਂ ਕਾਮਯਾਬ ਹੋ ਜਾਂਦਾ ਹੈ ਪਰ ਕਹਾਣੀ ਕਲਾ ਦੇ ਦਾਇਰੇ ਤੋਂ ਬਾਹਰ ਦੀ ਵਸਤੂ ਬਣ ਜਾਂਦੀ ਹੈ। ਵਿਰਕ ਦੀ ਵਿਸ਼ੇਸ਼ਤਾ ਸੀ ਕਿ ਉਹ ਰਾਜਨੀਤੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਸਮੇਂ ਕਲਾ ਦਾ ਪੱਲਾ ਵੀ ਘੁੱਟ ਕੇ ਫੜੀ ਰੱਖਦਾ ਸੀ। ਰਾਜਨੀਤੀ ਉਸਦੀਆਂ ਕਹਾਣੀਆਂ ਵਿਚ ਅਗਰਭੂਮੀ ਵਿਚ ਨਹੀਂ ਸੀ ਹੁੰਦੀ ਸਗੋਂ ਉਹ ਪਾਤਰਾਂ ਤੇ ਸਥਿਤੀਆਂ ਨੂੰ ਪੇਸ਼ ਹੀ ਇਸ ਸੂਖਮ ਅੰਦਾਜ਼ ਵਿਚ ਕਰਦਾ ਸੀ ਕਿ ਮਨੁੱਖੀ ਸੁਭਾਅ ਦਾ ਕੋਈ ਕੋਨਾ ਰੌਸ਼ਨ ਵੀ ਹੋ ਜਾਂਦਾ ਸੀ ਤੇ ਰਾਜਨੀਤੀ ਉੱਤੇ ਸੂਖਮ ਚੋਟ ਵੀ ਹੋ ਜਾਂਦੀ ਸੀ। ਅਜਿਹੀ ਸੂਖਮ ਚੋਟ ਸਦਾ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ। ਇਹ ਵਿਰਕ ਤਾਂ ਹੀ ਕਰ ਸਕਿਆ ਕਿਉਂਕਿ ਉਸ ਕੋਲ ਕਲਾ ਅਤੇ ਪਰਚਾਰ ਵਿਚ ਨਿਖੇੜਾ ਕਰ ਸਕਣ ਦੀ ਸੋਝੀ ਸੀ। ਉਸਨੂੰ ਕਹਾਣੀ ਰਾਹੀਂ ਪ੍ਰਚਾਰ ਕਰਨਾ ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਕੋਈ ਹਵਾਈ ਜਹਾਜ਼ ਵਰਗੀ ਸ਼ਕਤੀਸ਼ਾਲੀ ਮਸ਼ੀਨਰੀ ਨੂੰ ਤੂੜੀ ਢੋਣ ਲਈ ਵਰਤਣ ਲੱਗ ਪਏ। ਵਿਰਕ ਮੁਤਾਬਿਕ ਕਲਾਕਾਰ ਨੂੰ ਕਲਾਕਾਰ ਹੀ ਰਹਿਣਾ ਚਾਹੀਦਾ ਹੈ, ਪ੍ਰਚਾਰਕ ਨਹੀਂ ਬਣਨਾ ਚਾਹੀਦਾ।[61] ਵਿਰਕ ਦੀਆਂ ਕਹਾਣੀਆਂ ਵਿਚ ਕਿਸੇ ਪ੍ਰਕਾਰ ਦੀ ਉਪਭਾਵਕਤਾ ਨਹੀਂ ਹੁੰਦੀ ਤੇ ਨਾ ਹੀ ਕਿਸੇ ਪ੍ਰਕਾਰ ਦਾ ਪ੍ਰਚਾਰ ਹੁੰਦਾ ਹੈ। ਇਸ ਪ੍ਰਸੰਗ ਵਿਚ ਡਾ. ਅਤਰ ਸਿੰਘ ਦੀ ਟਿੱਪਣੀ ਬਿਲਕੁਲ ਢੁਕਵੀਂ ਪ੍ਰਤੀਤ ਹੁੰਦੀ ਹੈ ਕਿ ਕੁਲਵੰਤ ਸਿੰਘ ਵਿਰਕ ਅਜਿਹਾ ਕਹਾਣੀਕਾਰ ਹੈ, ਜਿਸਨੇ ਪ੍ਰਗਤੀਵਾਦ ਦੇ ਝੁਲਦੇ ਝੱਖੜਾਂ ਵਿਚ, ਖੁਲ੍ਹ-ਦਿਲੇ ਮਾਨਵਵਾਦ ਦੇ ਆਸਰੇ, ਮਨੋਰਥਵਾਦ ਤੋਂ ਨਿਰਲੇਪ ਰਹਿਣ ਵਿਚ ਸਫਲਤਾ ਹਾਸਲ ਕੀਤੀ, ਸੇਖੋਂ ਤੋਂ ਪਿੱਛੋਂ ਉਸਦੀ ਕਹਾਣੀ ਵਿਚ ਸਾਧਾਰਨ ਮਨੁੱਖ ਦੀ ਸਾਧਾਰਨਤਾ, ਇਨਕਲਾਬੀ ਉਪਭਾਵਕਤਾ ਜਾਂ ਮਨੋਰਥਵਾਦ ਤੋਂ ਬੇਲਾਗ ਪ੍ਰਗਟ ਹੁੰਦੀ ਹੈ।[62]

ਇਹੋ ਕਾਰਣ ਹੈ ਕਿ ਦੇਸ਼ ਵੰਡ ਦੇ ਦਰਦ ਨੂੰ ਬਿਆਨ ਕਰਦਿਆਂ ਉਹ ਤਤਕਾਲੀ ਰਾਜਨੀਤੀ ’ਤੇ ਵੀ ਸੂਖਮ ਵਿਅੰਗ ਕਰਦਾ ਹੈ। ਆਜ਼ਾਦੀ ਤੋਂ ਬਾਅਦ ਆਜ਼ਾਦੀ ਨਾਲ ਜੁੜੀਆਂ ਭਾਵਨਾਵਾਂ ਦੀ

ਪੂਰਤੀ ਨਾ ਹੋ ਸਕਣ ਦੇ ਦਰਦ ਨੂੰ ਵੀ ਉਹ ਬਿਨਾਂ ਕਿਸੇ ਉਚੇਚ ਦੇ ਬੜੀ ਹੀ ਸਹਿਜਤਾ ਨਾਲ ਪ੍ਰਗਟਾਉਂਦਾ ਹੈ। ਵਿਰਕ ਦੀਆਂ ਅਨੇਕਾਂ ਕਹਾਣੀਆਂ ਵਿਚ ਇਨ੍ਹਾਂ ਖੰਡਿਤ ਹੋਏ ਸੁਪਨਿਆਂ ਦਾ ਬਿਰਤਾਂਤ ਪ੍ਰਾਪਤ ਹੈ। ਇਸਦੀ ਪ੍ਰਤਿਨਿਧ ਮਿਸਾਲ 'ਪੌਣਾ ਆਦਮੀ' ਕਹਾਣੀ ਨੂੰ ਕਿਹਾ ਜਾ ਸਕਦਾ ਹੈ। ਇਸ ਕਹਾਣੀ ਦੇ ਮੁੱਖ ਪਾਤਰ ਕਿਰਤੀ ਸ਼੍ਰੇਣੀ ਨਾਲ ਸੰਬੰਧਿਤ ਕਰਮੇ ਦੇ ਵਿਹਾਰ, ਸੋਚ ਅਤੇ ਸਥਿਤੀ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਅਧੂਰੀ ਆਜ਼ਾਦੀ ਦੀ ਸਹਿਜ ਸੋਝੀ ਪ੍ਰਾਪਤ ਹੋ ਜਾਂਦੀ ਹੈ। ਕਰਮੇ ਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਆਜ਼ਾਦੀ ਤੋਂ ਬਾਅਦ ਵੀ ਪੂਰਾ ਆਦਮੀ ਨਹੀਂ ਸੀ ਬਣਿਆ, ਸਗੋਂ ਪੌਣਾ ਹੀ ਸੀ।[63] ਜਦੋਂ ਵਿਰਕ ਇਹ ਕਹਾਣੀ ਲਿਖ ਰਿਹਾ ਸੀ ਤਾਂ ਉਸ ਵੇਲੇ ਪ੍ਰਗਤੀਵਾਦੀ ਲਹਿਰ ਆਪਣੇ ਸਿਖ਼ਰ 'ਤੇ ਸੀ। ਪਰ ਇਨ੍ਹਾਂ ਸਮਿਆਂ ਵਿਚ ਵੀ ਵਿਰਕ ਨੇ ਨਾ ਆਪਣੀ ਸਹਿਜ ਸੋਚ ਨੂੰ ਬਦਲਿਆ ਤੇ ਨਾ ਹੀ ਸਹਿਜ ਪੇਸ਼ਕਾਰੀ ਦੀ ਜੁਗਤ ਨੂੰ ਹੀ ਤਿਆਗਿਆ, ਹਾਲਾਂਕਿ ਉਹ ਚਲ ਰਹੀਆਂ ਤਤਕਾਲੀ ਸਾਹਿਤਕ ਗਤੀਵਿਧੀਆਂ ਤੋਂ ਪੂਰੀ ਤਰ੍ਹਾਂ ਸੀ। ਇਹ ਤਾਂ ਅਸੀਂ ਜਾਣ ਹੀ ਗਏ ਹਾਂ ਕਿ ਵਿਰਕ ਨੂੰ ਅਧੂਰੀ ਆਜ਼ਾਦੀ ਦੀ ਪੂਰੀ ਸੋਝੀ ਸੀ, ਪਰ ਉਹ ਇਸ ਮਸਲੇ ਨੂੰ ਪ੍ਰਗਤੀਵਾਦੀਆਂ ਨਾਲੋਂ ਵੱਖਰੇ ਤੇ ਸੂਖਮ ਢੰਗ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰ ਰਿਹਾ ਸੀ। ਉਹ ਆਪਣੀਆਂ ਕਹਾਣੀਆਂ ਵਿਚ ਸਰਕਾਰੀ ਜਬਰ ਦੇ ਦ੍ਰਿਸ਼ ਵੀ ਪੂਰੀ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। ਇਸਦੀ ਮਿਸਾਲ ਕਹਾਣੀ 'ਮੁੱਢੋਂ ਸੁੱਢੋਂ' ਹੈ। ਉਂਜ ਇਹ ਗੱਲ ਦਿਲਚਸਪੀ ਵਾਲੀ ਹੈ ਕਿ ਇਹ ਕਹਾਣੀ ਕਮਿਊਨਿਸਟਾਂ ਵੱਲੋਂ ਲੜੇ ਗਏ ਕਿਸਾਨੀ ਦੇ ਸੰਘਰਸ਼ ਨਾਲ ਸੰਬੰਧਿਤ ਹੈ। 'ਖੁਸ਼ ਹੈਸੀਅਤੀ' ਟੈਕਸ ਦੇ ਵਿਰੋਧ ਵਿਚ ਕਮਿਊਨਿਸਟਾਂ ਨੇ ਲੰਮਾ ਸੰਘਰਸ਼ ਕੀਤਾ। ਸਰਕਾਰ ਨੇ ਇਸ ਸੰਘਰਸ਼ ਨੂੰ ਦਬਾਉਣ ਲਈ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ, ਪਰ ਕੋਈ ਵੀ ਪ੍ਰਗਤੀਵਾਦੀ ਲੇਖਕ ਇਸ ਸੰਘਰਸ਼ ਨੂੰ ਸਾਹਿਤ ਵਿਚ ਸਾਂਭ ਸਕਣ ਦੇ ਸਮਰਥ ਨਾ ਹੋ ਸਕਿਆ। ਇਹ ਵਿਰਕ ਹੀ ਸੀ ਜਿਸਨੇ ਇਸ ਸੰਘਰਸ਼ ਬਾਰੇ ਕਹਾਣੀ ਲਿਖੀ। ਕਹਾਣੀ ਵਿਚ ਲੇਖਕ ਨੇ ਪੁਲੀਸ ਤਸ਼ੱਦਦ ਦਾ ਸ਼ਿਕਾਰ ਹੋਏ ਇਕ ਪਿੰਡ ਦਾ ਬਿਰਤਾਂਤ ਸਿਰਜਿਆ ਹੈ। ਬਿਨਾਂ ਉੱਚੀ ਸੁਰ ਅਪਣਾਏ ਵਿਰਕ ਪਿੰਡ ਵਿਚ ਪੱਸਰੀ ਦਹਿਸ਼ਤ ਤੇ ਸਹਿਮ ਨੂੰ ਇਸ ਅੰਦਾਜ਼ ਵਿਚ ਬਿਆਨ ਕਰਦਾ ਹੈ ਕਿ

ਸਰਕਾਰ ਦੀ ਵਧੀਕੀ ਬਾਰੇ ਪਾਠਕ ਦੇ ਮਨ ਵਿਚ ਮੰਦ ਭਾਵ ਪੈਦਾ ਹੁੰਦੇ ਹਨ। ਵਿਰਕ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਨਿਘਾਰ ਤੇ ਉਦਾਸੀ ਦੇ ਇਸ ਮਾਹੌਲ ਵਿਚ ਵੀ ਆਸ ਦਾ ਪੱਲਾ ਨਹੀਂ ਛੱਡਦਾ। ਉਹ ਵੇਖਦਾ ਹੈ ਕਿ ਫ਼ਸਲਾਂ ਲਹਿਲਹਾ ਰਹੀਆਂ ਹਨ ਤੇ ਇਕ ਨਵਾਂ ਵਿਆਹਿਆ ਜੋੜਾ ਕਲੋਲਾਂ ਕਰਦਾ ਆ ਰਿਹਾ ਹੈ। ਅਜਿਹਾ ਚਿਤਰ ਖਿੱਚ ਕੇ ਵਿਰਕ ਪਾਠਕ ਨੂੰ ਇਹੀ ਸੁਨੇਹਾ ਦੇਂਦਾ ਪ੍ਰਤੀਤ ਹੁੰਦਾ ਹੈ ਕਿ ਬਰਬਾਦੀ ਤੇ ਆਬਾਦੀ ਨਾਲ-ਨਾਲ ਚੱਲਦੇ ਹਨ। ਜੇ ਨਾਸ ਹੋ ਰਿਹਾ ਹੈ ਤਾਂ ਵਿਕਾਸ ਵੀ ਹੋ ਰਿਹਾ ਹੈ। ਮਨੁੱਖ ਸਦਾ ਹੀ ਭੀੜਾਂ ਤੇ ਸੰਘਰਸ਼ਾਂ ਦੇ ਸਨਮੁੱਖ ਹੁੰਦਾ ਰਿਹਾ ਹੈ। ਜੇ ਅੱਜ ਲੜਾਈ ਨਹੀਂ ਜਿੱਤੀ ਜਾ ਸਕੀ ਤਾਂ ਨਵੀਂ ਲੜਾਈ ਮੁੜ 'ਮੁੱਢੋਂ ਸੁੱਢੋਂ' ਸ਼ੁਰੂ ਹੋਵੇਗੀ।[64]

ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਉਹ ਆਮ ਵਿਸ਼ਿਆਂ ਨੂੰ ਵੀ ਖ਼ਾਸ ਬਣਾ ਦੇਣ ਦੀ ਕੌਸ਼ਲਤਾ ਦਾ ਸਵਾਮੀ ਸੀ। ਉਹ ਪੇਂਡੂ ਸਮਾਜ ਦੇ ਉਹ ਚਿੱਤਰ ਉਲੀਕਦਾ ਹੈ ਜੋ ਸਾਡੇ ਸਾਹਮਣੇ ਹੁੰਦੇ ਹੋਏ ਵੀ ਸਾਡੀ ਦ੍ਰਿਸ਼ਟੀ ਦਾ ਹਿੱਸਾ ਨਹੀਂ ਬਣਦੇ। ਵਿਰਕ ਦੀ ਇਸ ਵਿਲੱਖਣ ਪੇਸ਼ਕਾਰੀ ਪਿੱਛੇ ਵੀ ਮੁੱਖ ਪ੍ਰੇਰਕ ਉਸਦਾ ਜੀਵਨ ਨੂੰ ਵੇਖਣ ਵਾਲਾ ਤਾਜ਼ਗੀ ਭਰਿਆ ਦ੍ਰਿਸ਼ਟੀਕੋਣ ਹੈ। ਅਸੀਂ ਜਾਣਦੇ ਹਾਂ ਕਿ ਪੇਂਡੂ ਲੋਕਾਂ ਦੇ ਸੁਭਾਅ ਵਿਚ ਜਿੱਥੇ ਮਿਲਾਪੜਾਪਣ ਤੇ ਰਵਾਦਾਰੀ ਕਮਾਲ ਦੀ ਹੈ ਉਤੇ ਨਿਰਦੈਤਾ ਵੀ ਸਿਖਰਲੀ ਹੈ। ਪੰਜਾਬ ਦੀ ਇਸ ਮਾਨਸਿਕਤਾ ਦੇ ਝਲਕਾਰੇ ਦੇਸ਼ ਦੀ ਵੰਡ ਵੇਲੇ ਹੋਈ ਮਨੁੱਖੀ ਤਬਾਹੀ ਵਿਚੋਂ ਆਸਾਨੀ ਨਾਲ ਵੇਖੇ ਜਾ ਸਕਦੇ ਹਨ। ਪੰਜਾਬੀ ਕਿਸਾਨ ਦੀ ਨਿਰਦਈ ਦੁਸ਼ਮਣੀ ਵੀ ਕੋਈ ਲੁਕੀ-ਛੁਪੀ ਹੋਈ ਗੱਲ ਨਹੀਂ। ਸ਼ਰੀਕਾਂ ਦੀ ਸਾਂਝ ਆਪਣਿਆਂ ਲਈ ਬਾਹਵਾਂ ਵੀ ਹਨ, ਪਰ ਜਦੋਂ ਸ਼ਰੀਕ ਦੁਸ਼ਮਣ ਬਣ ਜਾਂਦਾ ਸੀ ਤਾਂ ਉਹੋਂ ਬਾਹਾਂ ਭੰਨਣ ਲਈ ਵੀ ਤਤਪਰ ਰਹਿੰਦਾ ਸੀ। ਵਿਰਕ ਦਾ ਦ੍ਰਿਸ਼ਟੀਕੋਣ ਸ਼ਰੀਕ ਭਰਾਵਾਂ ਦੀ ਦੁਸ਼ਮਣੀ ਨੂੰ ਗੌਰਵ ਭਾਵ ਨਾਲ ਪੇਸ਼ ਕਰਨੋਂ ਇਨਕਾਰੀ ਹੈ। ਵਿਰਕ ਦੀ ਕਹਾਣੀ 'ਦੁੱਧ ਦਾ ਛੱਪੜ' ਵਿਚ ਬਹੁਤ ਸਾਰੇ ਅਜਿਹੇ ਵੇਰਵੇ ਹਨ ਜਦੋਂ ਦੋਵਾਂ ਭਰਾਵਾਂ ਵਿਚ ਲੜਾਈ ਅਟੱਲ ਜਾਪਣ ਲੱਗ ਪੈਂਦੀ ਹੈ। ਪਰ ਵਿਰਕ ਲਾਲ ਵਿਚ ਦੁਸ਼ਮਣੀ ਦੇ ਜਜ਼ਬੇ ਨੂੰ ਸੀਖਣ ਦੀ ਥਾਂ ਉਸ ਅੰਦਰ ਲੁਕੇ ਹਮਦਰਦੀ ਤੇ ਸੁਹਿਰਦਤਾ ਦੇ ਜਜ਼ਬੇ ਨੂੰ ਹੁੰਗਾਰਾ ਭਰਦਾ ਸਥਿਤੀ ਨੂੰ ਅਜਿਹਾ ਮੋੜਾ ਦਿੰਦਾ ਹੈ ਕਿ ਪਾਠਕ ਨੂੰ ਇਸ

ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਅਸਾਡੇ ਆਪਣੇ ਪਿੰਡ ਵਿਚ, ਆਪਣੀ ਬਰਾਦਰੀ ਵਿਚ, ਆਪਣੇ ਘਰਾਂ ਵਿਚ ਭਿਆਨਕ ਫਸਾਦ ਹੋਣ ਤੋਂ ਬਚਾਅ ਹੋ ਗਿਆ, ਕੋਈ ਹੋਣੀ ਟਲ ਗਈ ਹੋਵੇ।[65] ਬਿਨਾਂ ਉਲਾਰ ਹੋਇਆ ਵਿਰਕ ਬੰਦੇ ਅੰਦਰਲੇ ਸੁਹਿਰਦਤਾ ਤੇ ਸਦਭਾਵਨਾ ਦੇ ਜਜ਼ਬੇ ਨੂੰ ਹੁੰਗਾਰਾ ਭਰਦਿਆਂ ਲੜਾਈ ਟਾਲਣ ਦਾ ਸੁਨੇਹਾ ਦੇ ਜਾਂਦਾ ਹੈ।

ਕੁਲਵੰਤ ਸਿੰਘ ਵਿਰਕ ਪੰਜਾਬ ਦੀ ਕਿਸਾਨੀ ਦੇ ਅਥਾਹ ਮੁਸ਼ੱਕਤ ਭਰੇ ਜੀਵਨ ਦੇ ਦ੍ਰਿਸ਼ ਬਿਆਨ ਕਰਦਾ ਹੈ। ਜਦੋਂ ਵਿਰਕ ਕਹਾਣੀਆਂ ਲਿਖ ਰਿਹਾ ਸੀ ਤਾਂ ਪੰਜਾਬ ਵਿਚ ਪੂੰਜੀਵਾਦੀ ਕੀਮਤਾਂ ਪ੍ਰਵੇਸ਼ ਕਰ ਰਹੀਆਂ ਸਨ। ਸਾਂਝੇ ਪਰਿਵਾਰ ਟੁੱਟ ਰਹੇ ਸਨ, ਲੋਕ ਰੁਜ਼ਗਾਰ ਦੀ ਭਾਲ ਵਿਚ ਪਿੰਡਾਂ ਤੋਂ ਸ਼ਹਿਰਾਂ ਵੱਲ ਆ ਰਹੇ ਸਨ। ਇਸ ਕਰਕੇ ਰਿਸ਼ਤਿਆਂ ਵਿਚਲੀ ਮਾਨਵੀ ਰੈਲ ਘਟ ਰਹੀ ਸੀ ਤੇ ਪੂੰਜੀ ਦਾ ਦਖ਼ਲ ਰਿਸ਼ਤਿਆਂ ਨੂੰ ਨਿਰਧਾਰਤ ਕਰਨ ਵਾਲਾ ਨਿਰਣਾਇਕ ਤੱਤ ਬਣ ਰਿਹਾ ਸੀ। ਮਨੁੱਖ ਸਮਾਜ ਤੇ ਭਾਈਚਾਰੇ ਨਾਲੋਂ ਟੁੱਟ ਕੇ ਇਕੱਲਾ ਹੁੰਦਾ ਜਾ ਰਿਹਾ ਸੀ। ਵਿਰਕ ਨੇ ਆਪਣੀਆਂ ਕਿਸਾਨੀ ਜੀਵਨ ਦੀਆਂ ਕਹਾਣੀਆਂ ਰਾਹੀਂ ਕਿਸਾਨ ਨੂੰ ਜ਼ਿੰਦਗੀ ਦੇ ਮੂਲ ਨਾਲ ਜੁੜਿਆ ਵਿਖਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਵੀ ਕੀਤੀ ਕਿ ਪੰਜਾਬੀ ਬੰਦਾ ਪੱਛਮ ਦੇ ਬੰਦੇ ਵਾਂਗ ਇਕੱਲਾ ਤੇ ਅਜਨਬੀ ਨਹੀਂ ਬਣਿਆ। ਵਿਰਕ ਦਾ ਵਿਚਾਰ ਸੀ ਕਿ ਪੰਜਾਬੀ ਲੋਕ ਮਿਹਨਤੀ ਹਨ। ਇਨ੍ਹਾਂ ਦੇ ਜੀਵਨ ਵਿਚ ਇਕੱਲਤਾ ਤੇ ਨਿਰਾਸਤਾ ਨਹੀਂ। ਕਿਉਂਕਿ "ਜਦੋਂ ਕਿਸੇ ਦੇ ਦੁਆਲੇ ਆਪਣੇ ਹੱਥੀਂ ਖੜੀਆਂ ਕੀਤੀਆਂ ਫ਼ਸਲਾਂ ਹੋਣ, ਰੁੱਖਾਂ ਨੂੰ ਫਲ ਲੱਗ ਰਿਹਾ ਹੋਵੇ, ਮੱਝਾਂ ਗਾਵਾਂ ਸੂ ਰਹੀਆਂ ਹੋਣ ਅਤੇ ਆਪਣੇ ਜਾਇਆਂ ਨੂੰ ਪਾਲ ਰਹੀਆਂ ਹੋਣ ਤਾਂ ਉਹ ਇਕ ਤਰ੍ਹਾਂ ਸੱਖਣੇ ਹੱਥੀਂ ਕੌਤਕ ਵਰਤਾ ਰਿਹਾ ਹੁੰਦਾ ਹੈ। ਉੱਥੇ ਇਕੱਲਤਾ ਜਾਂ ਨਿਰਾਰਥਕਤਾ ਲਈ ਥਾਂ ਕਿੱਥੇ?"[66]

ਕਿਸਾਨੀ ਸਮਾਜ ਵਿਚ ਪਸ਼ੂ ਧਨ ਸਭ ਤੋਂ ਵੱਡੀ ਦੌਲਤ ਸੀ। ਖੇਤੀ ਦੇ ਕੰਮ ਤੋਂ ਲੈ ਕੇ ਖਾਧ-ਖੁਰਾਕਾਂ ਤੱਕ ਪਸ਼ੂ ਕਿਸਾਨ ਦੀ ਜ਼ਰੂਰਤ ਸਨ। ਇਸੇ ਲਈ ਪੰਜਾਬੀ ਲੋਕ ਦੁੱਧ-ਪੁੱਤ ਦੇ ਚਾਹਵਾਨ ਰਹੇ ਹਨ। ਪਸ਼ੂਆਂ ਨੂੰ ਕਿਸਾਨ ਪਰਿਵਾਰ ਦੇ ਜੀਆਂ ਵਾਂਗ ਹੀ ਪਾਲਦੇ ਤੇ ਸਮਝਦੇ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪਸ਼ੂਆਂ ਨਾਲ ਸੰਬੰਧਿਤ ਭਰਪੂਰ ਚਿਤਰ ਮਿਲਦੇ ਹਨ। ਬਾਰਾਂ

ਆਬਾਦ ਹੋਣ ਤੋਂ ਪਹਿਲਾਂ ਪੰਜਾਬ ਦੇ ਉਸ ਖਿੱਤੇ ਦੇ ਲੋਕ ਆਮ ਤੌਰ ’ਤੇ ਪਸ਼ੂ ਪਾਲਣ ਦਾ ਹੀ ਧੰਦਾ ਕਰਦੇ ਸਨ। ਵਿਰਕ ਦੀਆਂ ਕਹਾਣੀਆਂ ਵਿਚ ਪਸ਼ੂ ਜਗਤ ਦਾ ਚਿਤਰਣ ਬਹੁਤ ਹੀ ਆਤਮੀਅਤਾ ਨਾਲ ਹੋਇਆ। ਬਹੁਤ ਸਾਰੀਆਂ ਕਹਾਣੀਆਂ ਵਿਚ ਵਾਗੀਆਂ ਦੇ ਅਤੇ ਉਨਾਂ ਦੇ ਵੱਗਾਂ ਦੇ ਚਰਨ, ਚਾਰਨ ਦੇ ਬੜੇ ਸਜੀਵ ਦ੍ਰਿਸ਼ ਮਿਲਦੇ ਹਨ। ਪਸ਼ੂ ਵਿਰਕ ਦੀ ਕਹਾਣੀ ਦੀ ਜੁਗਤ ਦਾ ਅੰਗ ਬਣਕੇ ਵੀ ਹਾਜ਼ਰ ਹੁੰਦੇ ਹਨ। ਇਨ੍ਹਾਂ ਪਸ਼ੂਆਂ ਵਿਚ ਮੱਝਾਂ ਦਾ ਜ਼ਿਕਰ ਵਧੇਰੇ ਹੈ। ਜੱਟ ਕਿਸਾਨ ਲਈ ਮੱਝਾਂ ਦੇ ਮਹੱਤਵ ਨੂੰ ਦਰਸਾਉਂਦੀ ‘ਚਾਚਾ’ ਕਹਾਣੀ ਦੀ ਟਿੱਪਣੀ ਵਾਚਣਯੋਗ ਹੈ, ‘ਦੁਨੀਆਂ ਵਿਚ ਮੱਝੀਂ ਤੋਂ ਪਿਆਰੀ ਉਸਨੂੰ ਕੇਵਲ ਆਪਣੀ ਮਾਂ ਹੀ ਸੀ।’[67]

ਪਸ਼ੂਆਂ ਨਾਲ ਮੋਹ-ਪਿਆਰ ਅਤੇ ਰਿਸ਼ਤਗੀ ਦੀਆਂ ਅਨੇਕਾਂ ਉਦਾਹਰਣਾਂ ਵਿਰਕ ਦੀਆਂ ਕਹਾਣੀਆਂ ਵਿਚੋਂ ਮਿਲ ਜਾਂਦੀਆਂ ਹਨ। ‘ਦੁੱਧ ਦਾ ਛੱਪੜ’ ਵਿਚ ਵੰਡ-ਵੰਡਾਈ ਵੇਲੇ ਦਿਆਲ ਦੇ ਹਿੱਸੇ ਆਈ ਮੱਝ, ਕਿਉਂਕਿ ਲਾਲ ਦੇ ਹੱਥ ’ਤੇ ਪਈ ਹੋਈ ਹੈ, ਇਸ ਲਈ ਉਸਨੂੰ ਚੋਣ ਵਿਚ ਪਹਿਲਾਂ-ਪਹਿਲ ਬਹੁਤ ਮੁਸ਼ਕਿਲ ਆਉਂਦੀ ਹੈ, ਪਰ ਹੌਲੀ-ਹੌਲੀ ਦਿਆਲ ਮੱਝ ਨਾਲ ਮੋਹ-ਪਿਆਰ ਅਤੇ ਲੋੜੀਂਦੀ ਖੁਰਾਕ ਨੇ ਉਸਨੂੰ ਆਪਣੇ ਹੱਥ ’ਤੇ ਪਾ ਲੈਣ ਵਿਚ ਸਫਲ ਹੋ ਜਾਂਦਾ ਹੈ। ‘ਧਰਤੀ ਹੇਠਲਾ ਬੌਲਦ’ ਵਿਚ ਬਜ਼ੁਰਗ ਆਪਣੇ ਪੁੱਤ ਕਰਮ ਸਿੰਘ ਦੀ ਮੌਤ ਦੀ ਖ਼ਬਰ ਉਸਦੇ ਦੋਸਤ ਤੋਂ ਲੁਕਾਉਣ ਲਈ ਪਸ਼ੂਆਂ ਦਾ ਆਸਰਾ ਤਕਾਉਂਦਾ ਹੈ, ‘‘ਤੇ ਬੁੱਢਾ ਉੱਠ ਕੇ ਵਿਹੜੇ ਵੱਲ ਟੁਰ ਪਿਆ। ਇਕ ਕੱਟੀ ਨੂੰ ਉਸ ਖੋਲ੍ਹ ਕੇ ਦੂਸਰੇ ਕਿੱਲੇ ’ਤੇ ਬੱਧਾ ਤੇ ਫਿਰ ਉਸਨੂੰ ਆਪਣਾ ਹੱਥ ਚੱਟਣ ਲਈ ਦਿੱਤਾ . . .। ਉਹ ਫਿਰ ਵਿਹੜੇ ਬੱਧੀ ਘੋੜੀ ਕੋਲ ਖਲੋ ਗਿਆ। ਉਸ ਅੱਗੇ ਪਾਈ ਤੂੜੀ ਨੂੰ ਹਿਲਾਇਆ, ਹੋਰ ਛੋਲੇ ਵਿਚ ਪਾਏ ਤੇ ਅਖੀਰ ਮੁੜ ਕੇ ਡਿਓੜੀ ਵਿਚ ਆ ਗਿਆ। ਬਾਬਾ ਹੁਣ ਕੁਝ ਵਧੇਰੇ ਆਪਣੇ ਆਪ ਵਿਚ ਸੀ।’’[68] ਪਸ਼ੂਆਂ ਨਾਲ ਸਾਂਝ ਅਤੇ ਪਸ਼ੂਆਂ ਬਾਰੇ ਸਮਝ ਦੇ ਇਤਨੇ ਜੀਵੰਤ ਤੇ ਪ੍ਰਮਾਣਿਕ ਵੇਰਵੇ ਪੰਜਾਬੀ ਦੇ ਕਿਸੇ ਵੀ ਹੋਰ ਕਥਾਕਾਰ ਦੀਆਂ ਕਹਾਣੀਆਂ ਵਿਚ ਉਪਲਬਧ ਨਹੀਂ ਹਨ।

ਵਿਰਕ ਦੀਆਂ ਕਹਾਣੀਆਂ ਵਿਚ ਪਸ਼ੂ ਕਹਾਣੀ ਦੀ ਗਤੀ ਨੂੰ ਤੇਜ਼ ਕਰਨ ਲਈ ਪ੍ਰੇਰਕ ਵਜੋਂ ਕੰਮ

ਕਰਦੇ ਹਨ। 'ਦੁੱਧ ਦਾ ਛੱਪੜ' ਵਿਚ ਕਹਾਣੀ ਵਿਚਲਾ ਤਨਾਓ ਦਿਆਲ ਵੱਲੋਂ ਲਾਲ ਦੀ ਕਪਾਹ ਵਿਚ ਘੋੜੀ ਛੱਡਣ ਨਾਲ ਤੇ ਫਿਰ ਲਾਲ ਦੇ ਹੱਥ 'ਤੇ ਪਈ ਮੱਝ ਦੇ ਜ਼ਿਕਰ ਤੋਂ ਹੀ ਤੇਜ਼ ਗਤੀ ਫੜਦਾ ਹੈ। 'ਮੂਹਲੀ ਜਿੱਡੇ ਡੌਲੇ' ਵਿਚ ਬੱਕਰੇ ਨੂੰ ਝਟਕਾਉਣ ਲਈ ਹੋਈ ਮੁਕਾਬਲੇਬਾਜ਼ੀ ਵਿਚ ਖੜਕੂ ਦੇ ਅਸਫ਼ਲ ਰਹਿ ਜਾਣ 'ਤੇ ਇਸ ਨਮੋਸ਼ੀ ਕਾਰਣ ਨਾਨਕਿਆਂ ਦਾ ਪਿੰਡ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ। 'ਦੋ ਆਨੇ ਦਾ ਘਾਹ' ਵਿਚ ਵੀ ਬੂਟਾ ਸਿੰਘ ਦੇ ਲਾਅਨ ਵਿਚ ਗਵਾਂਢੀ ਦੀ ਘਾਹ ਚਰਦੀ ਮੱਝ ਹੀ ਉਸਨੂੰ ਉਤੇਜਿਤ ਕਰਦੀ ਹੈ ਤੇ ਮੱਝ ਨੂੰ ਕੁੱਟ ਕੇ ਭਜਾਉਣ ਦੀ ਕੋਸ਼ਿਸ਼ ਕਰਦਿਆਂ ਆਪਣੇ ਗਵਾਂਢੀ ਵੱਲੋਂ ਵੇਖ ਲਏ ਜਾਣ ਤੇ ਬੂਟਾ ਸਿੰਘ ਨੂੰ ਛਿੱਥਾ ਹੋਣਾ ਪੈਂਦਾ ਹੈ। 'ਤੂੜੀ ਦੀ ਪੰਡ' ਵਿਚ ਹਾਥੀ 'ਤੇ ਚੜ੍ਹੇ ਵੜੈਚ ਸਰਦਾਰ ਨੂੰ ਬਹਾਦਰ ਸਿੰਘ ਦਾ ਆਪਣੇ ਮੁੰਡੇ ਨੂੰ ਹਾਥੀ 'ਤੇ ਬਿਠਾਕੇ ਪਿੰਡ ਤੱਕ ਲੈ ਜਾਣ ਲਈ ਆਖਣਾ ਜਾਂ 'ਉਜਾੜ' ਵਿਚ ਵੀਰੂ ਦੀ ਧੀ ਨੂੰ ਆਲਾ ਸਿੰਘ ਵੱਲੋਂ ਘੋੜੀ ਦਾਨ ਕੀਤੇ ਜਾਣਾ ਵੀ ਪਾਤਰਾਂ ਦੇ ਭਾਵਾਂ ਨੂੰ ਪ੍ਰਗਟਾਉਣ ਦਾ ਮਾਧਿਅਮ ਬਣਦੇ ਹਨ।

ਕਿਸਾਨੀ ਜੀਵਨ ਵਿਰਕ ਦੀਆਂ ਕਹਾਣੀਆਂ ਵਿਚ ਇਸ ਸ਼ਿੱਦਤ ਨਾਲ ਪੇਸ਼ ਹੋਇਆ ਹੈ ਕਿ ਬਹੁਤੀ ਵਾਰ ਆਪਣੀ ਗੱਲ ਸਪੱਸ਼ਟ ਕਰਨ ਲਈ ਜਾਂ ਸਮਝਾਉਣ ਲਈ ਪ੍ਰਤੀਕਾਂ, ਰੂਪਕਾਂ, ਉਪਮਾਵਾਂ ਦੀ ਵਰਤੋਂ ਕਰਦਿਆਂ ਖੇਤੀਬਾੜੀ ਜੀਵਨ ਵਿਚੋਂ ਹੀ ਮਸਾਲਾ ਲੈਂਦਾ ਹੈ। ਮਿਸਾਲ ਵਜੋਂ 'ਤੂੜੀ ਦੀ ਪੰਡ' ਨੂੰ ਨਵੀਆਂ ਉੱਭਰ ਰਹੀਆਂ ਕੀਮਤਾਂ ਦੇ ਸਨਮੁੱਖ ਟੁੱਟ ਰਹੇ ਭਾਈਚਾਰਕ ਜੀਵਨ ਦੇ ਪ੍ਰਸੰਗ ਵਿਚ ਵਰਤਿਆ ਹੈ। 'ਧਰਤੀ ਹੇਠਲਾ ਬੌਲਦ' ਕਹਾਣੀ ਵਿਚ ਬੌਲਦ ਦਾ ਪ੍ਰਤੀਕ ਉਸ ਬਜ਼ੁਰਗ ਕਿਸਾਨ ਦੇ ਵੱਡੇ ਜੇਰੇ ਨੂੰ ਦਰਸਾਉਣ ਦਾ ਵਸੀਲਾ ਬਣਦਾ ਹੈ ਜਿਹੜਾ ਦੂਜੇ ਨੂੰ ਖੁਸ਼ੀ ਦੇਣ ਲਈ ਪੁੱਤ ਦੀ ਮੌਤ ਦੀ ਖ਼ਬਰ ਦਾ ਭਾਰ ਆਪਣੇ ਮਨ 'ਤੇ ਚੁੱਕੀ ਰੱਖਣ ਵਿਚ ਕਾਮਯਾਬ ਰਹਿੰਦਾ ਹੈ। ਇੰਜ ਹੀ 'ਗਊ' ਕਹਾਣੀ ਵਿਚ ਗਊ ਨੂੰ ਰੂਪਕ ਵਜੋਂ ਔਰਤ ਨਾਲ ਤੁਲਨਾਇਆ ਗਿਆ ਹੈ। 'ਖੱਬਲ' ਦਾ ਪ੍ਰਤੀਕ ਬੜੀ ਸ਼ਿੱਦਤ ਤੇ ਡੂੰਘਾਈ ਨਾਲ ਉਖਾੜ ਤੇ ਉਜਾੜ ਦੇਣ ਵਾਲੀਆਂ ਹਾਲਤਾਂ ਵਿਚ ਵੀ ਬੰਦੇ ਦੇ ਮੁੜ ਜ਼ਮੀਨ ਵਿਚ ਜੜ੍ਹਾਂ ਗੱਡ ਸਕਣ ਦੇ ਪ੍ਰੇਰਕ ਵਜੋਂ ਵਰਤਿਆ ਗਿਆ ਹੈ।

ਵਿਰਕ ਬਹੁਤੀਆਂ ਤੁਲਨਾਵਾਂ ਤੇ ਉਪਮਾਵਾਂ ਵੀ ਪਿੰਡ ਦੇ ਜੀਵਨ ਵਿਚੋਂ ਹੀ ਲੈਂਦਾ ਹੈ ਅਤੇ ਅਰਥਾਂ ਨੂੰ ਹੋਰ ਗੂੜ੍ਹੇ ਕਰਦਾ ਹੈ, ਸਹਿਜੇ ਸਹਿਜੇ ਆਲੇ-ਦੁਆਲੇ ਦੀ ਸਾਰੀ ਹਿੰਦੂ ਸਿੱਖ ਵਸੋਂ ਨਵੇਂ ਬਣੇ ਰਫਿਊਜੀ ਕੈਂਪ ਵੱਲ ਨੂੰ ਉੱਠ ਤੁਰੀ ਜਿਵੇਂ ਕਿਸੇ ਪੈਲੀ ਵਿਚ ਪਾਣੀ ਆ ਜਾਣ ’ਤੇ ਉਸ ਵਿਚੋਂ ਟਿੱਡੀਆਂ ਇਕ ਪਾਸੇ ਉੱਠ ਨਸਦੀਆਂ ਹਨ, ਪੰਜਾਂ ਸੱਤਾਂ ਦਿਨਾਂ ਵਿਚ ਹੀ ਹਿੰਦੂ ਸਿੱਖ ਜਨਤਾ ਮੁਸਲਮਾਨ ਜਨਤਾ ਤੋਂ ਇਸ ਤਰ੍ਹਾਂ ਅੱਡਰੀ ਹੋ ਬੈਠੀ ਜਿਸ ਤਰ੍ਹਾਂ ਜੱਟੀਆਂ ਰਲੀਆਂ ਹੋਈਆਂ ਦੋ ਪਤਲੀਆਂ ਤੇ ਮੋਟੀਆਂ ਜਿਨਸਾਂ ਛੱਜ ਵਿਚ ਪਾ ਕੇ ਵੱਖ ਵੱਖ ਕਰ ਦਿੰਦੀਆਂ ਨੇ।[69] ਜਾਂ ਜਿਸ ਤਰ੍ਹਾਂ ਘੜੇ ਨਾਲੋਂ ਲੱਥੀ ਬੱਬਰੀ ਨੂੰ ਮੁੜ ਕੇ ਨਾਲ ਰੱਖਣ ਨਾਲ ਘੜਾ ਫਿਰ ਪੂਰਾ ਤੇ ਸਬੂਤਾ ਲੱਗਣ ਲੱਗ ਜਾਂਦਾ ਏ ਕੁਝ ਏਸੇ ਤਰ੍ਹਾਂ ਹੀ ਪ੍ਰੀਤੋ ਦੇ ਘਰ ਆਉਣ ਨਾਲ ਉਸਦੀ ਮਾਂ ਨੂੰ ਹੁੰਦਾ।[70]

ਖੇਤੀਬਾੜੀ ਸਮਾਜ ਵਿਚੋਂ ਪ੍ਰਾਪਤ ਅਨੁਭਵ ਇਤਨੀ ਸ਼ਿੱਦਤ ਨਾਲ ਵਿਰਕ ਦੀਆਂ ਕਹਾਣੀਆਂ ਨੂੰ ਪ੍ਰਭਾਵਿਤ ਕਰਦਾ ਹੈ ਕਿ ਪਾਠਕ ਨੂੰ ਸਹਿਜੇ ਹੀ ਲੱਗਣ ਲੱਗ ਜਾਂਦਾ ਹੈ ਕਿ ਪੰਜਾਬ ਦਾ ਪਿੰਡ ਵਿਰਕ ਦੀ ਰੂਹ ਤੇ ਜ਼ਮੀਰ ਵਿਚ ਵੱਸਿਆ ਹੋਇਆ ਹੈ। ਇਸਦੀਆਂ ਅਸੀਂ ਅਨੇਕਾਂ ਉਦਾਹਰਣਾਂ ਵੇਖ ਚੁੱਕੇ ਹਾਂ। ਇਕ ਹੋਰ ਪੱਖ ਦਾ ਵਰਨਣ ਕਰਨ ਦੀ ਜ਼ਰੂਰਤ ਹੈ ; ਉਹ ਹੈ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਪ੍ਰਕ੍ਰਿਤਕ ਦ੍ਰਿਸ਼ਾਂ ਦੀ ਪੇਸ਼ਕਾਰੀ ਦਾ। ਇਹ ਦ੍ਰਿਸ਼ ਵਿਰਕ ਦੀਆਂ ਕਹਾਣੀਆਂ ਦਾ ਮਾਹੌਲ ਸਿਰਜਣ ਵਿਚ ਕਮਾਲ ਦੀ ਸਹਾਇਤਾ ਕਰਦੇ ਹਨ। ਇਨ੍ਹਾਂ ਚਿਤਰਾਂ ਬਿਨਾਂ ਪੰਜਾਬ ਦੇ ਪਿੰਡ ਦੀ ਤਸਵੀਰ ਨਾ-ਮੁਕੰਮਲ ਅਤੇ ਅਧੂਰੀ ਹੈ। ਪ੍ਰਕ੍ਰਿਤੀ ਦੇ ਚਿਤਰਨ ਨਾਲ ਪੰਜਾਬ ਦਾ ਪਿੰਡ ਸਚਮੁੱਚ ਸਾਹ ਲੈਂਦਾ ਪ੍ਰਤੀਤ ਹੁੰਦਾ ਹੈ। ਸਹਿਜੇ ਹੀ ਵੇਖਿਆ ਜਾ ਸਕਦਾ ਹੈ ਕਿ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਪ੍ਰਕ੍ਰਿਤਿਕ ਚਿਤਰਾਂ ਵਿਚ ਪੰਜਾਬੀ ਭੂਗੋਲਿਕ ਚੌਗਿਰਦਾ, ਇਸਦੀ ਬਨਸਪਤੀ, ਜੰਗਲ, ਫ਼ਸਲਾਂ, ਖੇਤ , ਚਰਾਂਦਾ, ਉਜਾੜ, ਟਿੱਬੇ, ਰੁੱਤਾਂ, ਮੀਂਹ, ਦਰਿਆਵਾਂ ਤੇ ਨਹਿਰਾਂ ਦਾ ਭਰਪੂਰ ਤੇ ਸਰਬਾਂਗੀ ਵਰਣਨ ਮਿਲਦਾ ਹੈ।[71] ਉਸਦੀ ਸ਼ਾਇਦ ਹੀ ਕੋਈ ਅਜਿਹੀ ਕਹਾਣੀ ਹੋਏ ਜਿਸ ਵਿਚ ਪ੍ਰਕ੍ਰਿਤੀ ਦੇ ਵਰਣਨ ਦਾ ਦਖ਼ਲ ਨਾ ਹੋਏ। ਇਨ੍ਹਾਂ ਕਹਾਣੀਆਂ ਵਿਚ ਔੜ ਨਾਲ ਅੱਪੜ ਪਈ

ਧਰਤੀ ਵੀ ਦਿੱਸਦੀ ਹੈ ਤੇ ਦਰਿਆਵਾਂ ਕੰਢੇ ਖੁਲ੍ਹੀਆਂ ਹਰੀਆਂ ਚਰਾਂਦਾ ਵਿਚ ਪਸ਼ੂ ਚਰਦੇ ਨਜ਼ਰ ਆਉਂਦੇ ਹਨ। ਕੁੱਕੜ ਦੀ ਬਾਂਗ ਨਾਲ ਹਾਲੀ ਉੱਠਦੇ ਤੇ ਸਵਾਣੀਆਂ ਸਵੇਰ ਦਾ ਕੰਮ ਕਰਨਾ ਸ਼ੁਰੂ ਕਰਦੀਆਂ ਹਨ। ਪੱਕੀਆਂ ਫ਼ਸਲਾਂ ਤੇ ਖਲਵਾੜਿਆਂ ਦਾ, ਖੇਤਾਂ ਵਿਚ ਵਗਦੇ ਹਲਾਂ ਦਾ, ਛਾਹ ਵੇਲਾ ਲੈ ਕੇ ਆਉਂਦੀਆਂ ਸਵਾਣੀਆਂ ਦਾ, ਡੰਗਰ ਚਾਰਦੇ ਛੇੜੂਆਂ ਦਾ, ਖਿੜੀਆਂ ਕਪਾਹਾਂ ਦਾ, ਰਾਹਵਾਂ ਕੰਢੇ ਉੱਗੇ ਬੂਟਿਆਂ, ਸਰਕੜਿਆਂ ਦਾ, ਵਰ੍ਹਦੇ ਮੀਂਹਾਂ ਦਾ, ਲੱਗੀਆਂ ਔੜਾਂ ਤੇ ਸੁੱਕਦੀਆਂ ਫ਼ਸਲਾਂ ਦਾ ਬੇਮਿਸਾਲ ਵਰਣਨ ਵਿਰਕ ਦੀਆਂ ਕਹਾਣੀਆਂ ਨੂੰ ਸਜਿੰਦ ਅਤੇ ਯਾਦਗਾਰੀ ਬਣਾਉਣ ਵਿਚ ਮਹੱਤਵਪੂਰਣ ਰੋਲ ਅਦਾ ਕਰਦਾ ਹੈ।

ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਪ੍ਰਕ੍ਰਿਤਕ ਹਵਾਲਿਆਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਿਰਕ ਦੀ ਪਿੰਡ ਦੇ ਪ੍ਰਕ੍ਰਿਤਕ ਜੀਵਨ ਉੱਤੇ ਪਕੜ ਕਿੰਨੀ ਡੂੰਘੀ ਸੀ। "ਸੁਦਰਸ਼ਨ ਚਾਹੁੰਦਾ ਸੀ ਕਿ ਉਹ ਇਕੱਠੇ ਪੈਲੀਆਂ ਵਿਚ ਫਿਰਨ, ਉਹ ਉਸਨੂੰ ਫ਼ਸਲਾਂ ਵਿਖਾਵੇ। ਰਵ੍ਹਾਂ ਦੀਆਂ ਫ਼ਲੀਆਂ ਜਿਨ੍ਹਾਂ ਨਾਲ ਵਾਰਿਸ ਸ਼ਾਹ ਨੇ ਹੀਰ ਦੀਆਂ ਉਂਗਲਾਂ ਨੂੰ ਰਲਾਇਆ ਸੀ, ਬੂਟਿਆਂ ਨਾਲ ਲੱਗੀਆਂ ਕਿਸ ਤਰ੍ਹਾਂ ਦੀਆਂ ਲੱਗਦੀਆਂ ਨੇ। ਕਾਂ ਮਕਈ ਦੀਆਂ ਛੱਲੀਆਂ 'ਤੇ ਬੈਠ ਕੇ ਉਹਨਾਂ ਨੂੰ ਕਿਸ ਤਰ੍ਹਾਂ ਖਾਂਦੇ ਨੇ ਤੇ ਕਿਸ ਤਰ੍ਹਾਂ ਚਿੜੀਆਂ ਬਾਜਰੇ ਦੇ ਸਿੱਟਿਆਂ ਨੂੰ। ਅੱਧ ਪੱਕਾ ਬਾਜਰਾ ਕਿਸ ਤਰ੍ਹਾਂ ਤਲੀਆਂ ਵਿਚ ਮਲ ਕੇ ਦਾਣੇ ਕੱਢ ਲਈਦੇ ਨੇ, ਛੱਲੀ ਦੀ ਗੁੱਤ ਕਿੰਨੀ ਕੂਲੀ ਹੁੰਦੀ ਏ। ਕਪਾਹ ਦੇ ਟੀਂਡੇ ਦਾ ਮੂੰਹ ਕਿਸ ਤਰ੍ਹਾਂ ਖੁਲ੍ਹਦਾ ਏ, ਕਿਸ ਤਰ੍ਹਾਂ ਚੌੜਾ ਹੁੰਦਾ ਏ।"[72]

"ਚੇਤਰ ਦਾ ਮਹੀਨਾ ਸੀ। ਡੰਡੀ ਦੇ ਨਾਲ ਨਾਲ ਕਣਕ ਪੱਕਣ 'ਤੇ ਆਈ ਹੋਈ ਸੀ। ਸਿੱਟੇ ਹਵਾ ਵਿਚ ਲੇਟਣੀਆਂ ਲੈ ਰਹੇ ਸਨ। . . . ਪੱਕਣ 'ਤੇ ਆਈ ਫ਼ਸਲ ਦਾ ਇਕ ਆਪਣਾ ਨਖ਼ਰਾ, ਇਕ ਆਕੀਪੁਣਾ ਹੁੰਦਾ ਹੈ। ਏਥੇ ਅਪੜਨ ਤੱਕ ਉਸਨੇ ਕਈ ਗੱਲਾਂ ਉੱਤੇ ਜਿੱਤ ਜਿੱਤੀ ਹੁੰਦੀ ਹੈ।. . . ਕਿਧਰੇ ਕਿਧਰੇ ਮੁੰਡੇ ਡੰਗਰ ਚਾਰ ਰਹੇ ਹਨ।"[73]

"ਤੇਜੂ ਉੱਠ ਕੇ ਜੁੱਤੀ ਪੈਰੀਂ ਪਾਈ ਤੇ ਸਰਾਹਣੇ ਪਈ ਪੱਗ ਫੜ ਕੇ ਸਿਰ 'ਤੇ ਵਲ੍ਹੇਟ ਲਈ। ਵੱਗਿਆਂ ਦੇ ਢਿੱਡ ਵਿਚ ਪੈਰ ਦੀ ਹੁੱਜ ਮਾਰ ਕੇ ਉਸ ਦੋਹਾਂ ਨੂੰ ਉਠਾਇਆ। ਵੱਗਿਆਂ ਲੰਮੇ ਲੰਮੇ

ਆਕੜ ਲੈ ਕੇ ਪਿੰਡਿਆਂ ਨੂੰ ਛਿਣਕਿਆ ਤੇ ਫਿਰ ਪੰਜਾਲੀ ਲਈ ਆਪਣੀਆਂ ਧੌਣਾਂ ਪੇਸ਼ ਕਰ ਦਿੱਤੀਆਂ।. . . ਤੇਜੂ ਦੇ ਘੁੰਗਰੂਆਂ ਵਾਲੇ ਢੱਗਿਆਂ ਦੀ ਹਰਨਾਲੀ ਸਵੇਰ ਦੇ ਅਨ੍ਹੇਰੇ ਨੂੰ ਚੀਰਦੀ ਤੇ ਚੁੱਪ ਚਾਂ ਵਿਚ ਤਰਥੱਲੀ ਪਾਉਂਦੀ ਟੁਰ ਪਈ। ਹਰ ਰੋਜ਼ ਉਹ ਇਸ ਜੋਗ ਦੇ ਮਗਰ ਤੇ ਇਨ੍ਹਾਂ ਹੀ ਪੈਲੀਆਂ ਵਿਚ ਇਕ ਸਿਰਿਓਂ ਦੂਜੇ ਸਿਰੇ ਹਲ ਨੱਪ ਨੱਪ ਓੜਾਂ ਕੱਢਦਾ ਰਹਿੰਦਾ। ਪਹਿਲਾਂ ਅਨ੍ਹੇਰੇ ਵਿਚ ਫਿਰ ਚਾਨਣ ਤੇ ਕੜਕਦੀ ਧੁੱਪ ਵਿਚ। ਹੌਲੀ ਹੌਲੀ ਪਾੜੇ ਸੌੜੇ ਹੁੰਦੇ ਜਾਂਦੇ ਤੇ ਫਿਰ ਮੁੱਕ ਜਾਂਦੇ। ਸੋਟੀ ਨਾਲ ਜੁੱਤੀ ਨਾਲੋਂ ਮਿੱਟੀ ਝਾੜ ਕੇ ਉਹ ਹਰਨਾਲੀ ਕਰਕੇ ਢੱਗੇ ਹਵੇਲੀ ਵਿਚ ਲੈ ਆਉਂਦਾ ਤੇ ਪੱਠੇ ਦੱਥੇ ਦੇ ਕੰਮ ਲਗ ਜਾਂਦਾ।''[74]

ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ ਵਿਰਕ ਦੀਆਂ ਕਹਾਣੀਆਂ ਵਿਚ ਪ੍ਰਕ੍ਰਿਤੀ ਦਾ ਵਰਣਨ ਕੇਵਲ ਸਤਹੀ ਅਤੇ ਦ੍ਰਿਸ਼ ਵਰਣਨ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਇਸ ਰਾਹੀਂ ਉਹ ਪਾਤਰਾਂ ਦੀਆਂ ਭਾਵਨਾਵਾਂ ਨੂੰ ਚਿਨ੍ਹਾਤਮਕ ਤੌਰ 'ਤੇ ਪ੍ਰਗਟਾਉਂਦਾ ਹੈ। ਪਿੰਡ ਦਾ ਜੀਵਨ ਤੇ ਪ੍ਰਕ੍ਰਿਤਕ ਦ੍ਰਿਸ਼ ਉਸਦੇ ਅਵਚੇਤਨ ਦਾ ਹਿੱਸਾ ਬਣ ਕੇ ਸਦਾ ਹੀ ਉਸਦੀਆਂ ਕਹਾਣੀਆਂ ਦੀ ਵਸਤੂ ਅਤੇ ਵਿਧਾ ਨੂੰ ਪ੍ਰਭਾਵਿਤ ਕਰਨ ਵਾਲਾ ਪਹਿਲੂ ਰਿਹਾ ਹੈ। ਉਹ ਪੰਜਾਬੀ ਪੇਂਡੂ ਸਭਿਆਚਾਰ ਦੇ ਪ੍ਰਮਾਣਿਕ ਤੇ ਸਜੀਵ ਚਿਤਰ ਉਲੀਕਦਾ ਹੈ। ਪੰਜਾਬ ਦੇ ਭੂਗੋਲਿਕ ਖਿੱਤੇ ਵਿਚ ਲਹਿਲਹਾਉਂਦੀਆਂ ਫ਼ਸਲਾਂ ਵਾਲੇ ਖੇਤਾਂ ਤੋਂ ਲੈ ਕੇ ਚਰਾਂਦਾ, ਉਜਾੜਾਂ ਟਿੱਬਿਆਂ, ਰੁੱਤਾਂ, ਮੀਂਹਾਂ, ਦਰਿਆਵਾਂ, ਨਹਿਰਾਂ ਤੱਕ ਦਾ ਜ਼ਿਕਰ ਉਸਦੀ ਕਹਾਣੀ ਵਿਚ ਮਹਿਜ਼ ਵਾਤਾਵਰਣ ਦੀ ਸਿਰਜਣਾ ਖ਼ਾਤਰ ਨਹੀਂ ਸਗੋਂ ਜੀਵੰਤ ਲਗਾਓ ਤੇ ਰਮਜ਼ਮਈ ਝਲਕਾਰੇ ਨਾਲ ਕੀਤਾ ਗਿਆ ਹੈ।[75]

ਸੰਤ ਸਿੰਘ ਸੇਖੋਂ ਅਨੁਸਾਰ ਵੀ ਉਸਦੇ ਲਿਖਣ ਢੰਗ ਨੂੰ ਪ੍ਰਭਾਵਤ ਕਰਨ ਵਾਲਾ ਸਭ ਤੋਂ ਮਹੱਤਵਪੂਰਣ ਪੱਖ ਉਸਦੇ ਚੌਗਿਰਦੇ ਦਾ ਵਿਰਕ-ਟੱਪੇ ਦਾ ਜੀਵਨ ਹੀ ਹੈ, ''ਕੁਲਵੰਤ ਸਿੰਘ ਦਾ ਲਿਖਣ ਢੰਗ ਬੜਾ ਸੁਘੜ ਹੈ, ਸੁਹਾਣਾ ਹੈ, ਜਿਵੇਂ ਕੋਈ ਮਿੱਠ ਬੋਲੜਾ ਜੀਵ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੁੰਦਾ ਹੈ। ਇਸ ਵਿਚ ਵਿਰਕ ਟੱਪੇ ਦੇ ਖੁੱਲ੍ਹੇ ਚੌਗਿਰਦੇ ਦਾ ਪ੍ਰਭਾਵ ਹੈ। ਇਹ ਉਨ੍ਹਾਂ ਵਿਰਕਾਂ ਦੀ ਮਿਠਾਸ ਹੈ, ਜਿਨ੍ਹਾਂ ਨੇ ਪੁਸ਼ਤਾਂ ਬੱਧੀ ਗਾਈ ਮੱਝੀ ਖੁੱਲ੍ਹੇ ਵਿਸ਼ਾਲ ਮੈਦਾਨ ਵਿਚ ਚਾਰੀਆਂ ਹਨ

ਤੇ ਉਨ੍ਹਾਂ ਦਾ ਮਿੱਠਾ ਦੁੱਧ ਪੀ ਕੇ ਲੰਮੇ ਚੌੜੇ ਕੱਦ ਕੀਤੇ ਹਨ।"[76]

ਇਸ ਤਰ੍ਹਾਂ, ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਅਸੀਂ ਜਾਣਿਆ ਹੈ ਕਿ ਪੰਜਾਬ ਦਾ ਪੇਂਡੂ ਜੀਵਨ ਸਮੁੱਚਤਾ ਵਿਚ ਉਸਦੀਆਂ ਕਹਾਣੀਆਂ ਵਿਚ ਪੇਸ਼ ਹੁੰਦਾ ਹੈ। ਪਿੰਡ ਦੀ ਪ੍ਰਕ੍ਰਿਤੀ, ਪਿੰਡ ਦੇ ਰਿਸ਼ਤੇ, ਪਿੰਡਾਂ ਵਿਚ ਵਸਦੇ ਲੋਕ ਤੇ ਪਸ਼ੂ, ਪਿੰਡਾਂ ਵਿਚ ਚੜ੍ਹਦੇ ਦਿਨ, ਤਿੱਖੜ ਦੁਪਹਿਰੇ, ਢਲਦੀਆਂ ਸ਼ਾਮਾਂ, ਗੂੜ੍ਹੀਆਂ ਕਾਲੀਆਂ ਰਾਤਾਂ ਆਦਿ ਸਾਰੇ ਦੇ ਸਾਰੇ ਉਸਨੂੰ ਆਪਣੇ ਘਰ ਦੇ ਜੀਆਂ ਵਾਂਗ ਪਿਆਰੇ ਹਨ। ਲੇਖਕ ਵਜੋਂ ਵਿਰਕ ਇਸ ਸਮੁੱਚੇ ਜੀਵਨ ਨੂੰ ਆਪਣੀ ਆਤਮਾ ਵਿਚ ਜਜ਼ਬ ਕਰਕੇ ਕਹਾਣੀਆਂ ਦੇ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਰਮਣੀਕ ਸੰਧੂ, ਗਲਪ ਸਮੀਖਿਆ, ਪੰਨਾ 70.
2. ਕੁਲਵੰਤ ਸਿੰਘ ਵਿਰਕ ਦੀ ਵੈੱਬਸਾਇਟ।
3. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 527.
4. ਸੰਤ ਸਿੰਘ ਸੇਖੋਂ, 'ਭੂਮਿਕਾ', *ਛਾਹ ਵੇਲਾ*, ਕੁਲਵੰਤ ਸਿੰਘ ਵਿਰਕ, ਪੰਨਾ 5.
5. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 526.
6. ਡਾ. ਅਤਰ ਸਿੰਘ (ਸੰਪ.), *ਦੁਆਦਸ਼ੀ*, ਪੰਨਾ 5.
7. ਵਰਿਆਮ ਸਿੰਘ ਸੰਧੂ, *ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ*, ਪੰਨਾ 29.
8. ਕੁਲਵੰਤ ਸਿੰਘ ਵਿਰਕ, *ਛਾਹ ਵੇਲਾ*, ਪੰਨਾ 6.
9. ਉਹੀ, *ਤੂੜੀ ਦੀ ਪੰਡ*, ਪੰਨਾ 53.
10. ਉਹੀ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 44.
11. *ਉਹੀ*, ਪੰਨਾ 70.
12. ਕੁਲਵੰਤ ਸਿੰਘ ਵਿਰਕ ਦੀ ਵੈੱਬਸਾਇਟ।
13. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 41.
14. *ਉਹੀ*, ਪੰਨਾ 30.
15. *ਉਹੀ*, ਪੰਨਾ 123.
16. *ਉਹੀ*, ਪੰਨਾ 41.
17. *ਉਹੀ*, ਪੰਨਾ 230.
18. *ਉਹੀ*, ਪੰਨਾ 284.
19. *ਉਹੀ*, ਪੰਨਾ 355.

20. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 285.

21. *ਉਹੀ*, ਪੰਨਾ 109.

22. ਵਰਿਆਮ ਸਿੰਘ ਸੰਧੂ, *ਸਾਹਿਤਕ ਸਵੈਜੀਵਨੀ*, ਪੰਨਾ 244.

23. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 230.

24. ਵਰਿਆਮ ਸਿੰਘ ਸੰਧੂ, *ਪੜ੍ਹਿਆ-ਵਾਚਿਆ*, ਪੰਨਾ 89.

25. ਗੁਰਦੇਵ ਸਿੰਘ ਚੰਦੀ, *ਕਹਾਣੀਕਾਰ ਕੁਲਵੰਤ ਸਿੰਘ ਵਿਰਕ : ਇਕ ਆਲੋਚਨਾਤਮਕ ਅਧਿਐਨ*, ਪੰਨਾ 76.

26. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 385.

27. *ਉਹੀ*, ਪੰਨਾ 224.

28. *ਉਹੀ*, ਪੰਨਾ 25.

29. *ਉਹੀ*, ਪੰਨਾ 90.

30. ਵਰਿਆਮ ਸਿੰਘ ਸੰਧੂ, *ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ*, ਪੰਨਾ 33.

31. ਡਾ. ਹਰਿਭਜਨ ਸਿੰਘ, *ਅਧਿਐਨ ਤੇ ਅਧਿਆਪਨ*, ਪੰਨਾ 72.

32. ਡਾ. ਟੀ. ਆਰ. ਵਿਨੋਦ, *ਕੁਲਵੰਤ ਸਿੰਘ ਵਿਰਕ ਯਾਦਗਾਰੀ ਸੋਵੀਨਾਰ*, ਪੰਨਾ 30.

33. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ*, ਪੰਨਾ 73.

34. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 25.

35. *ਉਹੀ*, ਪੰਨਾ 225.

36. *ਉਹੀ।*

37. *ਉਹੀ*, ਪੰਨਾ 335.

38. *ਉਹੀ*, ਪੰਨਾ 284.

39. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 385.

40. *ਉਹੀ*, ਪੰਨਾ 162.

41. *ਉਹੀ*, ਪੰਨਾ 87.

42. *ਉਹੀ*, ਪੰਨਾ 219.

43. *ਉਹੀ*, ਪੰਨਾ 204.

44. *ਉਹੀ।*

45. *ਉਹੀ*, ਪੰਨਾ 223.

46. ਕੁਲਵੰਤ ਸਿੰਘ ਵਿਰਕ, *ਤੂੜੀ ਦੀ ਪੰਡ*, ਪੰਨਾ ਗ।

47. *ਉਹੀ*, ਪੰਨਾ ਘ।

48. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 163.

49. *ਉਹੀ*, ਪੰਨਾ 330.

50. ਸੰਤ ਸਿੰਘ ਸੇਖੋਂ, *ਸਾਹਿਤ ਸਮਾਚਾਰ* (ਕਹਾਣੀ ਅੰਕ), ਪੰਨਾ 191.

51. ਡਾ. ਅਤਰ ਸਿੰਘ (ਸੰਪ.), *ਦੁਆਦਸ਼ੀ*, ਪੰਨਾ 7.

52. ਡਾ. ਟੀ. ਆਰ. ਵਿਨੋਦ, *ਕੁਲਵੰਤ ਸਿੰਘ ਵਿਰਕ ਯਾਦਗਾਰੀ ਸੋਵੀਨਾਰ*, ਪੰਨਾ 28.

53. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 226.

54. *ਉਹੀ*, ਪੰਨਾ 91.

55. *ਉਹੀ*, ਪੰਨਾ 19.

56. *ਉਹੀ*, ਪੰਨਾ 94.

57. *ਉਹੀ*, ਪੰਨਾ 73.

58. *ਉਹੀ*, ਪੰਨਾ 40.

59. ਡਾ. ਅਤਰ ਸਿੰਘ (ਸੰਪ.), *ਦੁਆਦਸ਼ੀ*, ਪੰਨਾ 8.

60. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 123.

61. ਉਹੀ, *ਤੂੜੀ ਦੀ ਪੰਡ*, ਪੰਨਾ ਘ।

62. ਡਾ. ਅਤਰ ਸਿੰਘ, *ਸਾਹਿਤ ਸਮਾਚਾਰ* (ਕਹਾਣੀ ਅੰਕ), ਪੰਨਾ 105.

63. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 166.

64. *ਉਹੀ*, ਪੰਨੇ 388-389.

65. *ਉਹੀ*, ਪੰਨੇ 228-229.

66. *ਉਹੀ*, ਪੰਨੇ 526-527.

67. *ਉਹੀ*, ਪੰਨਾ 17.

68. *ਉਹੀ*, ਪੰਨਾ 232.

69. *ਉਹੀ*, ਪੰਨਾ 120.

70. *ਉਹੀ*, ਪੰਨਾ 285.

71. ਡਾ. ਗੁਰਦੇਵ ਸਿੰਘ ਚੰਦੀ, *ਕਹਾਣੀਕਾਰ ਕੁਲਵੰਤ ਸਿੰਘ ਵਿਰਕ : ਇਕ ਆਲੋਚਨਾਤਮਕ ਅਧਿਐਨ*, ਪੰਨਾ 30.

72. ਕੁਲਵੰਤ ਸਿੰਘ ਵਿਰਕ, *ਮੇਰੀਆਂ ਸਾਰੀਆਂ ਕਹਾਣੀਆਂ*, ਪੰਨਾ 312.

73. *ਉਹੀ*, ਪੰਨਾ 386.

74. *ਉਹੀ*, ਪੰਨੇ 25-26.

75. ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ*, ਪੰਨਾ 72.

76. ਕੁਲਵੰਤ ਸਿੰਘ ਵਿਰਕ, *ਛਾਹ ਵੇਲਾ*, ਪੰਨਾ 8.

✤✤✤✤✤